# ਅੰਮ੍ਰਿਤ ਕੀਰਤਨ




ਅੰ
ਨਵੰਬਰ 2000

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 11 ◆ ਸਾਲ ਬਾਰ੍ਹਵਾਂ ◆ ਨਵੰਬਰ 2000



ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
ਡਾ. ਗੁਰਮੀਤ ਸਿੰਘ ਬੇਦਵਾਣ
ਐਮ.ਏ., ਪੀ.ਐਚ.ਡੀ.

ਸਹਿਯੋਗੀ
ਸ. ਹਰਭਜਨ ਸਿੰਘ
ਸ. ਉੱਤਮ ਸਿੰਘ



2 ਮਿਤ੍ਰ ਅਸਾਡੜੇ ਸੇਈ

3 ਕਰਉ ਬੇਨੰਤੀਆ

4 ਕੀਰਤਨ ਗੁਰਬਾਣੀ ਦਾ
ਪ੍ਰਿੰ. ਗਿਆਨੀ ਸੁਰਜੀਤ ਸਿੰਘ

8 ਵਿਚਿ ਦੁਨੀਆ ਕਾਹੇ ਆਇਆ?
ਕਰਤਾਰ ਸਿੰਘ ਨੀਲਧਾਰੀ

11 ਗੁਰਮਤਿ ਸੰਗੀਤ ਸੰਬੰਧੀ ਪ੍ਰਸ਼ਨਾਂ ਦੇ ਉੱਤਰ
ਡਾ. ਗੁਰਨਾਮ ਸਿੰਘ

12 ਅਨੰਦੁ ਗੁਰੂ ਤੇ ਜਾਣਿਆ
ਰਮੇਸ਼ ਸਿੰਘ

19 ਸਾਡਾ ਪਿਆਰਾ 'ਸੂਫੀ'
ਬਬਲੀ ਐਸ. ਸਿੰਘ

22 ਤੇਰੇ ਨਾਮ ਅਨੇਕਾ ਰੂਪ ਅਨੰਤਾ
ਪ੍ਰੋ. ਬਲਵਿੰਦਰ ਸਿੰਘ

24 ਪੁਸਤਕ ਸਮੀਖਿਆ
ਡਾ. ਗੁਰਮੀਤ ਸਿੰਘ ਬੇਦਵਾਣ

27 Prayer is a Silent Communion with God
Olva Albuquerque

29 The Ragi Jatha - Bhai Hira Singh
Dr. Jagir Singh

31 ਆਓ ਤਬਲਾ ਸਿੱਖੀਏ
ਗੁਰਜੰਤ ਸਿੰਘ ਰਾਹੀ

32 ਸ਼ਬਦ ਤੇ ਰਬਾਬ ਦਾ ਰਿਸ਼ਤਾ
ਮਨਮੋਹਨ ਸਿੰਘ ਦਾਊਂ

33 ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ
ਮਨਮੋਹਨ ਸਿੰਘ

35 ਸੁਰ-ਲਿਪੀਆਂ
ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ
ਜਸਵੰਤ ਸਿੰਘ ਭੰਵਰਾ



'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961
vide CIT/ CHD/80-G/78/Tech. Dated 30-7-1999
valid upto 31-3-2001



ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915
E-mail:
drjagirsingh@mailjol.com



ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ



ਚੰਦੇ ਦਾ ਵੇਰਵਾ :

ਦੇਸ਼ ◆ ਇਕ ਕਾਪੀ 15 ਰੁ. ◆ ਸਲਾਨਾ 150 ਰੁ. ◆ ਜੀਵਨ ਮੈਂਬਰ (15 ਸਾਲ) 1500 ਰੁ
ਵਿਦੇਸ਼ ◆ ਸਲਾਨਾ 30 $ ◆ ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।



■

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
sohal specials
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ ਮੈਨੂੰ ਆਪ ਜੀ ਦੁਆਰਾ ਪ੍ਰਕਾਸ਼ਿਤ 'ਅੰਮ੍ਰਿਤ ਕੀਰਤਨ' ਦੀ ਕਾਪੀ ਮਿਲੀ। ਬਹੁਤ ਹੀ ਖ਼ੁਸ਼ੀ ਹੋਈ। ਮੈਂ ਸੋਚਿਆ ਸੀ ਕਿ ਇਸ ਮੈਗਜ਼ੀਨ ਵਿੱਚ ਕੇਵਲ ਕੀਰਤਨ ਬਾਰੇ ਹੀ ਜਾਣਕਾਰੀ ਛਪਦੀ ਹੋਵੇਗੀ ਪਰ ਪਤ੍ਰਿਕਾ ਦਾ ਸਰੂਪ ਵੇਖ ਕੇ ਮੇਰਾ ਮਨ ਮੋਹਿਆ ਗਿਆ ਹੈ।

ਮੇਰੇ ਕੋਲ ਹੋਰ ਵੀ ਕਈ ਪੰਜਾਬੀ ਮੈਗਜ਼ੀਨਾਂ ਆਉਂਦੀਆਂ ਹਨ ਜਿਵੇਂ 'ਸਿੱਖ ਫੁਲਵਾੜੀ', 'ਗੁਰਮਤਿ ਪ੍ਰਕਾਸ਼', 'ਗੁਰਮਤਿ ਨਿਊਜ਼ ਲੈਟਰ', 'ਆਤਮ ਰੰਗ' ਆਦਿ। ਮੈਂ ਇਹ ਵੇਖਿਆ ਹੈ ਪੰਜਾਬੀ, ਧਰਮ ਪ੍ਰਚਾਰ ਦੇ ਨਾਮ ਤੇ ਮੈਗਜ਼ੀਨਾਂ ਦਾ ਪੰਜਾਬ ਚੋਂ ਜਿਵੇਂ ਹੜ੍ਹ ਆ ਗਿਆ ਲਗਦਾ ਹੈ ਪਰ ਵੇਖਣ ਚੋਂ ਇਹ ਵੀ ਆਉਂਦਾ ਹੈ ਕਈ ਵਾਰ ਇੱਕੋ ਲੇਖ ਕਿਸੇ ਦੂਜੀ ਮੈਗਜ਼ੀਨ ਚੋਂ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਪੰਜਾਬ ਤੋਂ ਬਾਹਰ ਬੈਠੇ ਤਾਂ ਮਾਂ ਬੋਲੀ ਦੀ ਤਸਵੀਰ ਵੇਖਣ ਨੂੰ ਅੱਖੀਆਂ ਤਰਸ ਜਾਂਦੀਆਂ ਹਨ। ਮੈਗਜ਼ੀਨਾਂ ਦੀਆਂ ਕੀਮਤਾਂ ਵੇਖਕੇ ਸਬਰ ਦਾ ਘੁੱਟ ਭਰਕੇ ਰਹਿ ਜਾਂਦੇ ਹਾਂ। ਕੋਈ ਕਹਿੰਦਾ ਵੀਰ ਜੀ, ਸੂਰਾ ਪੜ੍ਹਿਆ ਕਰੋ, ਜਨ ਸਹਿਤ ਪੜ੍ਹੋ, ਸਪੋਕਸਮੈਨ ਬਹੁਤੀ ਚੰਗੀ ਹੈ ਕੋਈ ਕੁਝ, ਕੋਈ ਕੁਝ ਸਭ ਇੱਕ ਦੂਜੇ ਦੇ ਪਿੱਛੇ ਭੱਜੇ ਫਿਰਦੇ ਹਨ। ਮੈਨੂੰ 'ਅੰਮ੍ਰਿਤ ਕੀਰਤਨ ਬਹੁਤ ਹੀ ਸੋਹਣਾ ਲੱਗਾ। ਉਸਦੇ ਇੱਕ ਇੱਕ ਸਫੇ ਸਾਫ ਤੇ ਸੁੰਦਰ ਛਪਾਈ ਨੇ ਇੱਕ ਝਲਕ ਵਿੱਚ ਹੀ ਮੋਹ ਲਿਆ। ਮੈਂ ਸਾਰੀ ਮੈਗਜ਼ੀਨ ਅੱਖਰ-ਅੱਖਰ ਪੜ੍ਹਿਆ।

*ਸਤਵਿੰਦਰ ਸਿੰਘ*

Qr. No. BIII-42, H.C.L. Town Ship,
P.O. Malanjkhane, Distt, Balaghat (M.P.)

★ ਆਪ ਜੀ ਵਲੋਂ ਭੇਜਿਆ ਮੈਗਜ਼ੀਨ ਹਰ ਮਹੀਨੇ ਪ੍ਰਾਪਤ ਹੋ ਰਿਹਾ ਹੈ ਜਿੱਥੇ ਇਸ ਵਿੱਚੋਂ ਅਥਾਹ ਗਿਆਨ ਪ੍ਰਾਪਤ ਹੁੰਦਾ ਹੈ ਉੱਥੇ ਆਪ ਜੀ ਦੀ ਯਾਦ ਤਾਜ਼ਾ ਵੀ ਕਰਵਾ ਦਿੰਦਾ ਹੈ ਇਹ ਆਪ ਜੀ ਦਾ ਮਹਾਨ ਉਦਮ ਹੈ ਗੁਰੂ ਕਰੇ ਆਪ ਜੀ ਨੂੰ ਸਦਾ ਹੀ ਇਸ ਕਾਰਜ ਵਿੱਚ ਸਫਲਤਾ ਮਿਲੇ ਥੋੜੀ ਜਿਹੀ ਸੇਵਾ ਭੇਜ ਰਿਹਾ ਹਾਂ ਪ੍ਰਵਾਨ ਕਰ ਲੈਣੀ ਵੱਧ ਤੋਂ ਵੱਧ ਯੋਗਦਾਨ ਪਾਉਣ ਦਾ ਯਤਨ ਕਰਾਂਗਾਂ।

*ਦਲਜੀਤ ਸਿੰਘ 'ਖਾਲਸਾ'*

217, W. State Rd. Island Lake, IL 60042 USA

★ 'ਅੰਮ੍ਰਿਤ ਕੀਰਤਨ' ਭੇਜਣ ਲਈ ਅਦਾਰਾ 'ਵਿਸ਼ਵ ਏਕਤਾ' ਵਲੋਂ ਧੰਨਵਾਦ। ਪਰਚਾ ਨਿਤ ਨਵੇਂ ਸਾਲ ਨਿਖਰਦਾ ਜਾ ਰਿਹਾ ਹੈ, ਖਾਸ ਕਰਕੇ ਅਕਤੂਬਰ ਮਹੀਨੇ ਦੇ ਪਰਚੇ ਦਾ ਟਾਈਟਲ ਬੜਾ ਪਿਆਰਾ ਸੀ ਇਸ ਦੇ ਲਈ ਵੀ ਆਪ ਜੀ ਨੂੰ ਵਧਾਈ।

'ਕਰਉ ਬੇਨੰਤੀਆ' 'ਚ ਆਪ ਜੀ ਨੇ ਸੰਤਾਂ ਬਾਰੇ ਵਿਚਾਰ ਪ੍ਰਗਟ ਕੀਤੇ ਹਨ ਅਕਸਰ ਦੇਖਿਆ ਜਾਂਦਾ ਹੈ ਕਿ ਕੀਰਤਨ ਸਮਾਗਮਾਂ ਵਿੱਚ ਜਦੋਂ ਪਹਿਲੇ ਜਥੇ ਉਪਰੰਤ ਰਾਗੀ ਸਿੰਘ ਬਦਲਦਾ ਹੈ ਤਾਂ ਪਹਿਲੇ ਵਾਲੇ ਜਥੇ ਪ੍ਰਤੀ ਨਵੇਂ ਰਾਗੀ ਸਿੰਘ ਇਸ ਤਰ੍ਹਾਂ ਦੇ ਵੀਚਾਰ ਪ੍ਰਗਟ ਕਰਦੇ ਹਨ ਜਿਵੇਂ ਕਿ ਉਹ ਭਾਰੀ ਵਿਦਵਾਨ ਹੈ ਉਸ ਤੋਂ ਪਹਿਲੇ ਵਾਲਾ ਰਾਗੀ ਸਿੰਘ ਆਮ ਤੇ ਸਧਾਰਨ ਹੀ ਸੀ। ਇੰਜ ਕੀਰਤਨ ਕਰਨ ਵਾਲੇ ਉਸ ਸਜਣ ਚੋਂ ਹਉਮੈ ਤੇ ਅਹੰਕਾਰ ਸਪਸ਼ਟ ਦਿੰਦਾ ਹੈ ਜੋ ਕਿ ਹੋਣਾ ਨਹੀਂ ਚਾਹੀਦਾ ਇਹ ਆਸਾਡੀ ਕੀਰਤਨ ਵਾਲਿਆਂ ਦੀ ਬਦ ਕਿਸਮਤ ਹੀ ਸਮਝੋ।

ਸ੍ਰ. ਸੋਹਣ ਸਿੰਘ ਦੇ ਲੇਖ ਮੁਸਲਮਾਨ ਰਬਾਬੀ ਤੇ ਗੈਰ ਸਿੱਖ ਕੀਰਤਨਕਾਰ ਬੜਾ ਭਾਵ ਪੂਰਵਕ ਤੇ ਦਿਲ ਨੂੰ ਛੂਹਣ ਵਾਲਾ ਸੀ। ਪਰ ਜਿੱਥੇ ਉਨ੍ਹਾਂ ਨੇ ਮੁਸਲਮਾਨ ਰਬਾਬੀ ਕੀਰਤਨੀਏ ਪ੍ਰਤੀ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਹਨ ਉੱਥੇ ਚੰਗਾ ਹੁੰਦਾ ਜਾਂ ਅਜਕਲ ਜੋ ਕਲੀਨ ਸ਼ੇਵ ਸਜਣਾਂ ਨੇ ਕੀਰਤਨ ਕਰਨਾ ਆਰੰਭਿਆ ਹੈ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਇਨ੍ਹਾਂ ਕਲੀਨ ਸ਼ੇਵ ਸਜਣਾਂ ਨੂੰ ਬੜੀ ਮਾਨਤਾ ਦੇ ਕੇ ਕੀਰਤਨ ਦਰਬਾਰਾਂ ਵਿੱਚ ਨਿਵਾਜਦੀ ਤੇ ਸਤਕਾਰਦੀ ਹੈ ਇਸ ਤੋਂ ਅੰਮ੍ਰਿਤ ਧਾਰੀ ਮਰਿਯਾਦਾ ਵਾਲੇ ਸਜਣਾਂ ਦੀ ਹੌਸਲਾ ਅਫਜਾਈ ਘਟਦੀ ਜਾ ਰਹੀ ਹੈ ਅਸੀਂ ਆਮ ਤੱਕਿਆ ਹੈ ਕਿ ਇਹ ਸਜਣ ਜੋ ਆਪਣੇ ਆਪ ਨੂੰ ਸਹਿਜਧਾਰੀ ਪ੍ਰਚਾਰਦੇ ਤੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਉਨ੍ਹਾਂ ਦੇ ਜਜ਼ਬਾਤੀ ਸੁਭਾ ਤੋਂ ਮਾਇਆ ਬਟੋਰਦੇ ਹਨ ਕਿ ਚੰਗਾ ਹੋਵੇ ਜੇ ਭਾਈ ਚਮਨ ਲਾਲ ਤੋਂ ਚਮਨਜੀਤ ਸਿੰਘ ਬਣੇ ਤਿਆਰਬਰ ਤਿਆਰ ਸਿੰਘਾਂ ਨੂੰ ਹੀ ਪ੍ਰਤੀਨਿਧਤਾ ਦਿੱਤੀ ਜਾਵੇ ਅਤੇ ਆਪਣੇ ਨੂੰ ਜੋ ਕੇ ਸਹਿਜ ਧਾਰੀ ਦਰਸਾ ਕੇ ਸਿੱਖ ਸਟੇਜਾਂ ਤੇ ਕੀਰਤਨ ਕਰਦੇ ਹਨ ਇਨ੍ਹਾਂ ਨੂੰ ਉਦੋਂ ਤੱਕ ਗੁਰਦੁਆਰਾ ਜੋ ਸਟੇਜਾਂ ਤੇ ਜਾਂ ਕੀਰਤਨ ਦਰਬਾਰਾਂ ਵਿੱਚ ਸਮਾਂ ਨਾ ਦਿੱਤਾ ਜਾਵੇ ਐਸਾ ਆਮ ਸੰਗਤਾਂ ਦੀ ਭਾਵਨਾ ਹੈ।

*ਅਜਬ ਸਿੰਘ ਕਲੇਰ*

ਮੁਖ ਸੰਪਾਦਕ ਵਿਸ਼ਵ ਏਕਤਾ

D-69, ਗਲੀ ਨੰ: 26, ਮੋਲਰ ਬੰਦ ਐਕਸ ਟੈਨਸ਼ਨ,
ਨਵੀਂ ਦਿੱਲੀ-110 044

## ਕਰਉ ਬੇਨੰਤੀਆ

### ਨਾਨਕ ਮਨ ਸਮਝਾਈਐ

ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਹੀ ਮਨ ਨੂੰ ਸਮਝਾਵਣ ਵਾਸਤੇ ਹੈ। ਮਨੁੱਖ ਦੇ ਬਾਹਰਲੇ ਹਾਲਾਤ ਉਹੀ ਰਹਿੰਦੇ ਹਨ। ਉਹ ਮਨ ਦੀ ਬਿਰਤੀ ਕਰਕੇ ਹੀ ਚੰਗਾ ਜਾਂ ਬੁਰਾ ਬਣ ਜਾਂਦਾ ਹੈ। ਹਉਮੈ ਜਾਂ ਲਾਲਚ ਅਧੀਨ ਕੀਤਾ ਜਾ ਰਿਹਾ ਪਾਠ, ਪੂਜਾ, ਕੀਰਤਨ ਆਦਿ ਵਰਗਾ ਪਵਿੱਤਰ ਕੰਮ ਵੀ ਧੰਦਾ ਬਣ ਜਾਂਦਾ ਹੈ ਅਤੇ ਝਾੜੂ ਫੇਰਨ ਜਿਹਾ ਤੁੱਛ ਕੰਮ ਵੀ ਸੇਵਾ ਬਣ ਜਾਂਦਾ ਹੈ।

ਗੁਰਬਾਣੀ ਦਾ ਕੋਈ ਕੋਈ ਸ਼ਬਦ ਮੇਰੇ ਮਨ ਦੀ ਅਵਸਥਾ ਕਾਰਨ ਐਸਾ ਟੁੰਬਦਾ ਹੈ ਕਿ ਮੈਂ ਆਪਣੇ ਅੰਦਰ ਝਾਤੀ ਮਾਰਨ ਲਈ ਮਜ਼ਬੂਰ ਹੋ ਜਾਂਦਾ ਹਾਂ। ਐਸਾ ਹੀ ਇੱਕ ਸ਼ਬਦ ਮੈਂ ਅਕਸਰ ਗਾਇਨ ਕਰਦਾ ਹਾਂ -

*ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ। ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ॥*
*ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ॥੧॥ ਭਾਈ ਰੇ ਰਾਮੁ ਕਹਹੁ ਚਿਤੁ ਲਾਇ॥*
*ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ॥੧॥ਰਹਾਉ॥ ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ॥*
*ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ। ਫਾਹੀ ਫਾਥੇ ਮਿਰਗ ਜਿਉ ਦੂਖੁ ਘਣੋ ਨਿਤ ਰੋਇ॥੨॥*
*ਖੋਟੇ ਪੋਤੈ ਨਾ ਪਵਹਿ ਤਿਨ ਹਰਿ ਗੁਰ ਦਰਸੁ ਨ ਹੋਇ। ਖੋਟੇ ਜਾਤਿ ਨ ਪਤਿ ਹੈ ਖੋਟਿ ਨ ਸੀਝਸਿ ਕੋਇ॥*
*ਖੋਟੇ ਖੋਟੁ ਕਮਾਵਣਾ ਆਇ ਗਇਆ ਪਤਿ ਖੋਇ॥੩॥ ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ॥*
*ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ॥ ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ॥*

ਪਹਿਲੀਆਂ ਤਿੰਨ ਪੰਗਤੀਆਂ ਅਤੇ ਰਹਾਉ ਦੀ ਤੁਕ ਵਿੱਚ ਰਾਮ ਰਾਮ ਕਹਿਣ ਵਾਲਾ ਵਣਜ ਵਪਾਰ ਕਰਨ ਦੀ ਸਲਾਹ ਦਿੱਤੀ ਗਈ ਹੈ ਕਿਉਂਕਿ ਪ੍ਰਮਾਤਮਾ ਨੂੰ ਇਹ ਚੰਗਾ ਲਗਦਾ ਹੈ।

ਮੇਰੇ ਜਿਹਾ ਹੁਜਤੀ ਬੰਦਾ ਇਸ ਸਲਾਹ ਨੂੰ ਮੰਨਣ ਤੋਂ ਪਹਿਲਾਂ ਇਹ ਕਹੇਗਾ ਕਿ ਮੈਂ 'ਰਾਮ-ਰਾਮ' ਕਿਉਂ ਕਹਾਂ ਮੈਂ ਤਾਂ ਸਿੱਖ ਹਾਂ ਮੈਂ ਤਾਂ 'ਵਾਹਿਗੁਰੂ-ਵਾਹਿਗੁਰੂ' ਕਹਾਂਗਾ। ਕੋਈ ਸਮਝਾਵੇਗਾ ਕਿ 'ਰਾਮ-ਰਾਮ' ਕਹਿਣ ਬਾਰੇ ਤਾਂ ਗੁਰਬਾਣੀ ਵਿੱਚ ਥਾਂ ਪਰ ਥਾਂ ਸੁਝਾਅ ਦਿੱਤੇ ਗਏ ਹਨ। ਪਰ ਅਸੀਂ ਤਾਂ ਬਹਿਸ ਕਰਨੀ ਹੈ। ਵਾਦ-ਵਿਵਾਦ ਨਾਲ ਸਾਡੀ ਵਿਦਵਾਨਾਂ ਦੀ ਮਸ਼ਹੂਰੀ ਹੁੰਦੀ ਹੈ। ਪਾਠਕਾਂ ਤੇ ਇਸ ਦਾ ਕੀ ਅਸਰ ਹੁੰਦਾ ਹੈ ਇਸ ਬਾਰੇ ਸਾਨੂੰ ਚਿੰਤਾ ਨਹੀਂ। ਇੱਕ ਬੀਬੀ ਜੀ ਮੇਰੇ ਕੋਲੋਂ ਸ਼ਬਦ ਕੀਰਤਨ ਸਿੱਖਣ ਆਏ ਤਾਂ ਮੈਂ ਉਹਨਾਂ ਨੂੰ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ' ਸ਼ਬਦ ਸਿਖਾਉਣਾ ਸ਼ੁਰੂ ਕੀਤਾ ਜਦੋਂ *'ਕਵਲ ਨੈਣ ਮਧੁਰ ਬੈਨ ਕੋਟ ਸੈਨ ਸੰਗ ਸੋਭ'* ਤੁਕ ਸਿਖਾਈ ਤਾਂ ਉਹ ਕਹਿਣ ਲਗੇ -"ਮੈਂ ਇਹ ਸ਼ਬਦ ਨਹੀਂ ਸਿੱਖਣਾ ਇਸ ਵਿੱਚ ਤਾਂ ਕ੍ਰਿਸ਼ਨ ਦੀ ਉਸਤਤੀ ਕੀਤੀ ਹੋਈ ਹੈ।" ਮੈਂ ਬਹੁਤ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਅੱਗੋਂ ਤੋਂ ਮੈਨੂੰ 'ਕੱਚਾ ਪਿੱਲਾ' ਸਿੱਖ ਹੀ ਸਮਝਣ ਲਗ ਪਏ।

ਪਾਠਕ ਜੀ ਤੁਸੀਂ ਚਾਹੇ 'ਵਾਹਿਗੁਰੂ-ਵਾਹਿਗੁਰੂ' ਕਹੋ ਚਾਹੇ 'ਰਾਮ-ਰਾਮ' ਕਹੋ ਪਰ ਕਹੋ ਜ਼ਰੂਰ। ਗੱਲ ਤਾਂ ਮਨੋਂ ਕਹਿਣ ਦੀ ਹੈ। ਮਨ ਵਿੱਚ ਪ੍ਰਮਾਤਮਾ ਨੂੰ ਮਹਿਸੂਸ ਕਰਨ ਦੀ ਗੱਲ ਹੈ। ਗੁਰੂ ਨਾਨਕ ਦੇਵ ਜੀ ਨੇ ਉਪਰ ਲਿਖੇ ਸ਼ਬਦ ਸੱਚੇ ਅਤੇ ਖੋਟੇ ਦੀ ਗੱਲ ਕੀਤੀ ਹੈ।

ਖੋਟਾ ਰੁਪਈਆ ਕੀ ਹੁੰਦਾ ਹੈ? ਉਸ ਉੱਤੇ ਮੋਹਰ ਅਸਲੀ ਵਰਗੀ ਹੁੰਦੀ ਹੈ। ਖੋਟੇ ਦੀ ਸ਼ਕਲ ਬਿਲਕੁਲ ਅਸਲੀ ਵਰਗੀ ਹੁੰਦੀ ਹੈ। ਸਗੋਂ ਉਹ ਖਰੇ ਨਾਲੋਂ ਵੀ ਵੱਧ ਖਿੱਚ ਪਾਉਂਦਾ ਹੈ।

ਇਹ ਬਿਲਕੁਲ ਮੇਰੇ ਵਾਂਗ ਹੀ ਹੈ। ਜਿਵੇਂ ਮੈਂ ਟਿਨੋਪਾਲ ਲਾ-ਲਾ ਕੇ ਬੜੇ ਚਿੱਟੇ ਕਪੜੇ ਪਾਏ ਹਨ। ਪੋਚਵੀਂ ਪੱਗ ਬੰਨ੍ਹੀ ਹੋਈ ਹੈ। ਹੱਥ ਵਿੱਚ ਸਿਮਰਨਾ ਵੀ ਹੈ ਪਰ ਹਾਂ ਤਾਂ ਖੋਟਾ ਹੀ। ਮੈਂ ਆਮ ਕਰਕੇ ਜੋ ਕੀਰਤਨ ਕਰਦਾ ਹਾਂ, ਪਾਠ ਕਰਦਾ ਹਾਂ, ਲੋਕਾਂ ਨੂੰ ਉਪਦੇਸ਼ ਦਿੰਦਾ ਹਾਂ ਉਹ ਗੁਰੂ ਪ੍ਰਤੀ ਪਿਆਰ ਸਦਕਾ ਨਹੀਂ ਸਗੋਂ ਮਾਇਆ ਸਦਕਾ ਦਿੰਦਾ ਹਾਂ।

ਖੋਟੇ ਸਿੱਕੇ ਨੂੰ ਤਾਂ ਬੈਂਕ ਵਿੱਚ ਥਾਂ ਨਹੀਂ ਮਿਲਦੀ ਪਰ ਖੋਟੇ ਬੰਦੇ ਦੇ ਬਚਾ ਦਾ ਸਾਧਨ ਗੁਰੂ ਦੱਸਦਾ ਹੈ।

ਗੁਰੂ ਪਾਰਸ ਹੈ ਉਸ ਨਾਲ ਲੋਹਾ ਲਗਾਈਏ ਤਾਂ ਸੋਨਾ ਬਣ ਜਾਂਦਾ ਹੈ। ਸੋਨੇ ਦੀ ਸ਼ਕਲ ਕਿਹੋ ਜਿਹੀ ਹੋਵੇ। ਮੋਹਰ ਵੀ ਕੋਈ ਵੀ ਲੱਗੀ ਹੋਵੇ ਪਰ ਉਹ ਕੀਮਤੀ ਹੁੰਦਾ ਹੈ। ਇਸ ਕਰਕੇ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਗੁਰੂ ਦੇ ਸ਼ਬਦ ਦੀ ਸਿਫਤ ਸਲਾਹ ਕਰਨ ਨਾਲ ਮਨ ਸਮਝਾਇਆ ਜਾ ਸਕਦਾ ਹੈ। ਮਨ ਦੇ ਸਮਝਣ ਨਾਲ ਹੀ ਖੋਟੇ ਤੋਂ ਖਰਾ ਬਣ ਜਾਂਦਾ ਹੈ। ਫਿਰ ਉਹੋ ਹੀ ਕੰਮ ਸੇਵਾ ਬਣ ਜਾਂਦਾ ਹੈ। ਗੁਰੂ ਦੇ ਸ਼ਬਦ ਸਦਕਾ ਭਾਅ ਨਹੀਂ ਰਹਿੰਦਾ ਭਉ ਨਹੀਂ ਰਹਿੰਦਾ। ਐਸਾ ਹੈ ਇਹ ਪਾਰਸ ਗੁਰੂ-ਬਸ ਮਨ ਨੂੰ ਉਸ ਦੀ ਛੁਹ ਲਾਉਣ ਦੀ ਲੋੜ ਹੈ।

# ਕੀਰਤਨ ਗੁਰਬਾਣੀ ਦਾ

ਪ੍ਰਿੰ. ਗਿਆਨੀ ਸੁਰਜੀਤ ਸਿੰਘ

44, Mool Chand Market, Lodhi Road, New Delhi - 3

ਇਸ ਲੇਖ ਦਾ ਮਕਸਦ, ਪੰਥ ਅੰਦਰ ਹੋ ਰਹੇ ਸਾਜ਼ਾਂ ਰਾਹੀਂ ਕੀਰਤਨ ਦੇ ਸੰਬੰਧ ਵਿੱਚ ਕੁਝ ਵਿਚਾਰ ਕਰਨਾ ਹੈ। ਗੁਰਬਾਣੀ ਕੀਰਤਨ ਦਾ ਇਹ ਢੰਗ ਪਹਿਲੇ ਪਾਤਸ਼ਾਹ ਗੁਰੂ ਨਾਨਕ ਸਾਹਿਬ ਤੋਂ ਅਰੰਭ ਹੋਇਆ। ਗੁਰੂ ਨਾਨਕ ਪਾਤਸ਼ਾਹ ਦੀ ਆਪਣੀ ਬਾਣੀ ਰਚਨਾ ਉੱਨੀ ਰਾਗਾਂ ਵਿੱਚ ਹੈ ਜਿਨ੍ਹਾਂ ਵਿੱਚ ਕੇਵਲ ਇੱਕ ਰਾਗ ਦੋਪਹਿਰ ਦਾ ਹੈ ਬਾਕੀ ਅਠਾਰਹ ਰਾਗ ਸਵੇਰ ਅਤੇ ਸ਼ਾਮ ਦੇ ਹਨ ਜੋ ਇਸ ਗਲ ਦਾ ਸਬੂਤ ਹਨ ਕਿ ਗੁਰੂ ਨਾਨਕ ਪਾਤਸ਼ਾਹ ਆਪ, ਗੁਰਬਾਣੀ ਸਤਿਸੰਗ ਦੋ ਵਕਤ ਕਰਿਆ ਕਰਦੇ ਸਨ। ਇਹਨਾਂ ਸਤਿਸੰਗਾਂ ਵਿੱਚ ਰਬਾਬ ਵਜਾਉਣ ਦਾ ਮਾਣ ਭਾਈ ਮਰਦਾਨਾ ਜੀ ਨੂੰ ਪ੍ਰਾਪਤ ਸੀ।

**ਗੁਰਬਾਣੀ ਵਿੱਚ ਲਫਜ਼ 'ਕੀਰਤਨ'** : ਮੂਲ ਵਿਸ਼ੇ ਵਲ ਵਧਣ ਤੋਂ ਪਹਿਲਾਂ ਸਾਨੂੰ ਇਸ ਸਚਾਈ ਵਲ ਧਿਆਨ ਦੇਣ ਦੀ ਲੋੜ ਹੈ ਕਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਮੁਚੇ ਤੌਰ ਤੇ ਕੀਰਤਨ ਸ਼ਬਦ ਬੜੇ ਖੁਲ੍ਹੇ ਅਰਥਾਂ ਵਿੱਚ ਆਇਆ ਹੈ। ਗੁਰਬਾਣੀ ਵਿੱਚ ਕੀਰਤਨ ਦੀ ਪ੍ਰੇਰਨਾ ਦਾ ਮਤਬਲ ਕੇਵਲ ਸਾਜ਼ਾਂ ਰਾਹੀਂ ਕੀਰਤਨ ਨਹੀਂ, ਉਹ ਤਾਂ ਕੀਰਤਨ ਦਾ ਕੇਵਲ ਇੱਕ ਢੰਗ ਹੈ ਬਾਣੀ ਦਾ ਪਾਠ ਕਰਨਾ ਬਾਣੀ ਦੀਆਂ ਵਿਚਾਰਾਂ, ਕਥਾ ਵਾਰਤਾ, ਕਰਤੇ ਦੀਆਂ ਬਾਤਾਂ, ਸਿਫਤ ਸਲਾਹ, ਗੁਣਗਾਨ, ਇਹਨਾਂ ਸਾਰੇ ਢੰਗਾਂ ਵਾਸਤੇ ਲਫਜ਼ ਕੀਰਤਨ ਆਇਆ ਹੈ। ਓਥੇ ਤਾਂ **"ਐਸਾ ਕੀਰਤਨੁ ਕਰਿ ਮਨ ਮੇਰੇ॥ ਈਹਾ ਊਹਾ ਜੋ ਕਾਮ ਤੇਰੈ"** (ਗਉੜੀ 5-236) ਅਤੇ ਕਰਨਾ ਕਿਸ ਤਰ੍ਹਾਂ ਹੈ। **"ਹਰਿ ਦਿਨੁ ਰੈਨਿ ਕੀਰਤਨੁ ਗਾਈਐ॥ ਬਹੁੜਿ ਨ ਜੋਨੀ ਪਾਈਐ"** (ਸੋਰਠ 5-624) ਗੁਰਬਾਣੀ ਵਿੱਚ ਆਏ ਲਫਜ਼ ਕੀਰਤਨ ਦੇ ਅਰਥ ਹਨ, ਸਾਰੇ ਜੀਵਨ ਨੂੰ ਕਰਤੇ ਦੀ ਸਿਫਤ ਸਲਾਹ ਨਾਲ ਜੋੜਣਾ। ਸਾਜ਼ਾਂ ਰਾਹੀਂ ਗੁਰਬਾਣੀ ਕੀਰਤਨ ਤਾਂ ਉਸ ਵਿੱਚ ਕੇਵਲ ਇੱਕ ਢੰਗ ਹੈ। ਗੁਰਬਾਣੀ ਦਾ ਆਦੇਸ਼ ਤਾਂ **"ਸ੍ਰਵਣੀ ਕੀਰਤਨੁ ਸੁਨਉ ਦਿਨ ਰਾਤੀ, ਹਿਰਦੈ ਹਰਿ ਹਰਿ ਭਾਨੀ"** (ਸਾਰੰਗ ਮਹਲਾ 4, ਪੰਨਾ 1200)

ਦਿਨ ਰਾਤ, ਚੌਵੀ ਘੰਟੇ, ਹਿਰਦੇ ਵਿੱਚ ਪ੍ਰਭੂ ਨੂੰ ਵਸਾਉਣਾ ਹੈ, ਇਹੀ ਹੈ ਸਚਾ ਕੀਰਤਨ ਭਾਵ ਅਸਾਂ ਆਪਣੀ ਜੀਵਨ ਰੂਪੀ ਰਾਤ ਨੂੰ ਹੀ ਗੁਰੂ ਜਸ ਨਾਲ ਸੁਹਣੀ ਅਤੇ ਸੁਆਦਲੀ ਬਨਾਉਣਾ ਹੈ। ਗੁਰੂ ਘਰ ਵਿੱਚ ਬਾਣੀ ਵਿਚਲੇ ਸ਼ਬਦ ਕਥਾ, ਕੀਰਤਨ, ਸਿਫਤ ਸਲਾਹ ਆਦਿ ਸਮ-ਅਰਥੀ ਹਨ, ਵੱਖਰੇ ਵੱਖਰੇ ਅਰਥਾਂ ਵਿੱਚ ਨਹੀਂ।

**ਸਾਜ਼ਾਂ ਰਾਹੀਂ ਗੁਰਬਾਣੀ ਕੀਰਤਨ** : ਗੁਰੂ ਪਾਤਸ਼ਾਹ ਦੀ ਮਨੁੱਖ, ਸਮਾਜ ਨੂੰ ਇਹ ਬਹੁਤ ਵੱਡੀ ਦੇਣ ਹੈ। ਗੁਰਬਾਣੀ ਦੀ ਰਚਨਾ ਪਾਤਸ਼ਾਹ ਨੇ ਆਪ ਕਾਵਿ ਰੂਪ ਵਿੱਚ ਅਤੇ ਇਕੱਤੀ ਰਾਗਾਂ ਵਿੱਚ ਕੀਤੀ ਹੈ। ਬਾਣੀ ਰਚਨਾ ਵਿੱਚ ਮਾਤ੍ਰਾ ਦਾ ਉਚਾਰਣ, ਤਾਲ ਮੇਲ ਵਲ ਵੀ ਬੜੀ ਗਹਿਰਾਈ ਤੋਂ ਕੰਟਰੋਲ ਕੀਤਾ ਹੈ। ਇਸੇ ਵਾਸਤੇ ਸਿਰਲੇਖਾਂ ਦੇ ਨਾਲ ਘਰ ਦਸਵਾਂ, ਘਰ ਬਾਹਰਵਾਂ ਆਦਿ ਲਫ਼ਜ਼ ਵਰਤੇ ਹਨ। ਇੱਥੇ ਹੀ ਬਸ ਨਹੀਂ ਪਾਤਸ਼ਾਹ ਨੇ ਤਾਲ ਦਾ ਵਜ਼ਨ ਪੂਰਾ ਕਰਨ ਵਾਸਤੇ, ਅਨੇਕਾਂ ਲਫਜ਼ਾਂ ਨੂੰ ਮਾਤ੍ਰਾ ਦੇਣ ਦਾ ਇੱਕ ਨਵਾਂ ਢੰਗ ਵੀ ਵਰਤਿਆ ਹੈ। ਮਿਸਾਲ ਵਜੋਂ ਲਫਜ਼ ਹੈ 'ਗੋਪਾਲ' ਵਜ਼ਨ ਪੂਰਾ ਕਰਨ ਵਾਸਤੇ ਪਾਤਸ਼ਾਹ ਨੇ ਉਸਨੂੰ ਲਿਖਿਆ ਹੈ 'ਗੁੋਪਾਲ'। ਦੋ ਵਿਰੋਧੀ ਮਾਤਰਾਵਾਂ ਇੱਕੋ ਹੀ ਲਫਜ਼ ਨਾਲ ਵਰਤ ਦਿੱਤੀਆਂ, ਇੱਕ ਮਾਤਰਾ ਉਚਾਰਣ ਵਾਸਤੇ ਹੈ ਅਤੇ ਦੂਸਰੀ ਲਫਜ਼ ਦੇ ਸ਼ੁਧ ਸਰੂਪ ਨੂੰ ਪ੍ਰਗਟ ਕਰਨ ਵਾਸਤੇ। ਇਸੇ ਤਰ੍ਹਾਂ ਲਫਜ "ਸੁੋਇਨੇ ਕੀ ਸੂਈ..." ਸੁੋਇਨੇ ਲਫਜ਼ ਨੂੰ ਦੋ ਵਿਰੋਧੀ ਮਾਤਰਾਂ ਹਨ।

ਅੱਜ ਸਾਡੇ ਬਹੁਤੇ ਰਾਗੀ ਜੱਥਿਆਂ ਤੇ ਇੱਕ ਦੂਸ਼ਨ ਹੈ। ਓਹ ਕੀਰਤਨ ਸਮੇਂ ਫਿਲਮੀ ਤਰਜ਼ਾਂ ਵਰਤਦੇ ਹਨ, ਕਈ ਵਾਰੀ ਜਦੋਂ ਉਹਨਾਂ ਦਾ ਆਪਣਾ ਜੀਵਨ ਸਾਫ ਸੁਥਰਾ ਨਹੀਂ ਹੁੰਦਾ, ਤਾਂ ਉਹਨਾਂ ਰਾਹੀਂ ਪੜ੍ਹੀ ਜਾ ਰਹੀ ਬਾਣੀ ਦਾ ਸੰਗਤਾਂ ਦੇ ਜੀਵਨ ਤੇ ਅਸਰ ਵੀ ਮਾੜਾ ਹੀ ਪੈਂਦਾ ਹੈ। ਇਹ ਵੀ ਇੱਕ ਕਾਰਣ ਹੈ ਕਿ ਇਤਨੀ ਵੱਡੀ ਮਾਤਰਾ ਵਿੱਚ ਕੀਰਤਨ ਹੋ ਰਿਹਾ ਹੈ ਪਰ ਸੰਗਤਾਂ ਦਾ ਜੀਵਨ ਪੱਧਰ ਸਿੱਖੀ ਪੱਖੋਂ ਨਿੱਤ ਹੇਠਾਂ ਜਾ ਰਿਹਾ ਹੈ। ਹਾਲਾਂਕਿ ਇਸ ਤੋਂ ਵੱਡੇ ਕਾਰਣ ਦਾ ਜ਼ਿਕਰ ਅਸੀਂ ਅੱਗੇ ਕਰ ਰਹੇ ਹਾਂ। ਇਸ ਵਿੱਚ ਕੋਈ ਸ਼ਕ ਨਹੀਂ, ਇਹਨਾਂ ਦੂਸ਼ਨਾਂ ਵਿੱਚ ਸਚਾਈ ਵੀ ਹੈ ਪਰ ਇਸ ਸਾਰੇ ਦਾ ਜਿੰਮੇਵਾਰ ਕੌਣ ਹੈ? ਇਸ ਸਾਰੇ ਵਾਸਤੇ ਇਕੱਲੇ ਰਾਗੀ ਜਥੇ ਹੀ ਦੋਸ਼ੀ ਹਨ ਜਾਂ ਫਿਰ ਸਮੁਚੇ ਤੌਰ ਤੇ ਪੰਥ ਵੀ ਹੈ।

**ਗੁਰਬਾਣੀ ਰਾਗ-ਧੁਨੀਆਂ ਅਤੇ ਫਿਲਮੀ ਤਰਜ਼ਾਂ** : ਸਾਨੂੰ ਇਸ ਗੱਲ ਵਲ ਧਿਆਨ ਦੇਣ ਦੀ ਲੋੜ ਹੈ ਕਿ ਰਾਗ ਹੋਰ ਗਲ ਹੈ ਅਤੇ ਧੁਨੀ ਹੋਰ। ਰਾਗ ਬਦਲਦੇ ਨਹੀਂ, ਧੁਨੀ ਸਮੇਂ ਨਾਲ ਬਦਲਦੀ ਹੈ। ਗੁਰਬਾਣੀ ਖਜ਼ਾਨੇ ਵਿੱਚ ਨੌ ਵਾਰਾਂ ਨੂੰ ਉਸ ਸਮੇਂ ਦੀਆਂ ਪ੍ਰਚਲਤ ਧੁਨੀਆਂ ਵਿੱਚ

ਗਾਇਨ ਕਰਨ ਦੀ ਸੇਧ ਹੈ। ਜਦੋਂ ਕਿ ਇਹ ਵਾਰਾਂ ਬਾਕਾਇਦਾ ਆਪਣੇ ਆਪਣੇ ਰਾਗਾਂ ਵਿੱਚ ਹਨ। ਗੁਰੂ ਸਰੂਪਾਂ ਦੇ ਸਮੇਂ ਵੀ ਮੁਸ਼ਾਇਰੇ, ਮਹਿਫਲਾਂ ਅਤੇ ਰਾਗ ਰੰਗ ਮੌਜੂਦ ਸਨ। ਉਹਨਾਂ ਕੱਚੇ ਬੋਲਾਂ ਵਿੱਚ ਕਿਸੇ ਧੁਨੀ ਦੀ ਗਲ ਨਹੀਂ ਕੀਤੀ ਗਈ। ਕੇਵਲ ਉਹਨਾਂ ਧੁਨੀਆਂ ਦੀ ਗਲ ਕੀਤੀ ਗਈ ਹੈ ਜਿਹੜੀਆਂ ਬਹਾਦੁਰੀ ਦੀਆਂ ਵਾਰਾਂ ਨਾਲ ਸੰਬੰਧਿਤ ਸਨ ਕਿਉਂ? ਕਿਉਂਕਿ ਸਰੋਤਿਆਂ ਦਾ ਮਾਨਸਿਕ ਝੁਕਾਅ ਪ੍ਰਚਲਤ ਕਹਾਣੀਆਂ ਤੋਂ ਬਦਲਕੇ ਇਲਾਹੀ ਪਿਆਰ ਵਲ ਵਧੇ। ਕੱਚੇ ਸੁਆਦਾਂ ਵਲ ਨਾ ਜਾਵੇ। ਧੁਨੀਆਂ ਵਾਲੀ ਇਸ ਲੋੜ ਨੂੰ ਅੱਖੋਂ ਉਹਲੇ ਨਹੀਂ ਕੀਤਾ ਗਿਆ। ਅੱਜ ਕੀ ਹੋ ਰਿਹਾ ਹੈ ਇੱਕ ਪਾਸੇ ਤਾਂ ਫਿਲਮੀ ਗਾਣਿਆਂ ਦੇ ਪਿੱਛੇ ਲੱਖਾਂ ਕਰੋੜਾਂ ਖਰਚ ਕੇ, ਉਹਨਾਂ ਨੂੰ ਪਲੇ ਬੈਕ ਸਿੰਗਰ ਦਿੱਤੇ ਜਾਂਦੇ ਹਨ ਦੂਜੇ ਪਾਸੇ ਸਾਡੇ ਰਾਗੀ ਸਿੰਘਾਂ ਦੀ ਇਸ ਪੱਖੋਂ ਕੋਈ ਸੰਭਾਲ ਨਹੀਂ। ਨਾ ਹੀ ਤਾਂ ਪੰਥ ਨੇ ਕੋਈ ਅਜਿਹਾ ਪ੍ਰਬੰਧ ਕੀਤਾ ਹੈ ਨਾ ਹੀ ਰਾਗੀ ਸਿੰਘ ਦੀ ਆਪਣੀ ਕਿਸੇ ਜਥੇਬੰਦੀ ਨੇ। ਜਦੋਂ ਕਿ ਇਸ ਸੇਵਾ ਵਿੱਚ ਧੁਨੀ ਆਪਣਾ ਇੱਕ ਬਹੁਤ ਵੱਡਾ ਸਥਾਨ ਰੱਖਦੀ ਹੈ। ਕਈ ਵਾਰੀ ਨਾਮਵਰ ਰਾਗੀ ਜੱਥਿਆਂ ਵਿੱਚੋਂ ਵੀ ਜਦੋਂ ਇਹ ਫਿਲਮੀ ਧੁਨਾਂ ਵਾਲੀ ਗਲ ਸਾਬਤ ਹੁੰਦੀ ਹੈ ਜਿਹਨਾਂ ਕੋਲ ਮਾਇਆ ਦੀ ਕੋਈ ਕਮੀ ਨਹੀਂ ਤਾਂ ਆਮ ਰਾਗੀ ਜੱਥਾ ਕੀ ਕਰੇਗਾ? ਸੋਚਦੇ ਦੇਰ ਨਹੀਂ ਲਗਦੀ ਦੋਸ਼ੀ ਕੌਣ ਹੈ?

**ਰਾਗ ਅਤੇ ਸੰਗੀਤ ਦੀ ਗੁਰੂ ਘਰ ਵਿੱਚ ਵਰਤੋਂ** : ਗੁਰਬਾਣੀ ਅਥਵਾ ਗੁਰਬਾਣੀ ਕੀਰਤਨ ਵਿੱਚ ਗੁਰਮਤ ਸੋਝੀ ਵਾਲੇ ਵਿਸ਼ੇ ਦਾ ਇੱਕ ਨਿਵੇਕਲਾ ਸਥਾਨ ਹੈ। ਸਾਨੂੰ ਇਸ ਮੂਲ ਤੱਤ ਨੂੰ ਹਮੇਸ਼ਾਂ ਧਿਆਨ ਵਿੱਚ ਰਖਣ ਦੀ ਲੋੜ ਹੈ। ਚੇਤੇ ਰਹੇ ਰਾਗ ਵਿੱਦਿਆ ਅਥਵਾ ਰਾਗਾਂ ਦਾ ਆਰੰਭ ਗੁਰੂ ਘਰ ਨੇ ਨਹੀਂ ਕੀਤਾ। ਕਾਵਿ ਅਤੇ ਚਿੱਤਰ ਰੂਪ ਵਿੱਚ ਰਾਗਮਾਲਾਵਾਂ ਦੇ ਤਾਂ ਭਾਰਤ ਵਿੱਚ ਪਹਿਲਾਂ ਤੋਂ ਹੀ ਢੇਰ ਲੱਗੇ ਪਏ ਸਨ। ਸ਼ਾਸਤਰੀ ਸੰਗੀਤ ਮਨੁੱਖੀ ਜੀਵਨ ਵਿੱਚ ਕੋਈ ਨਵੀਂ ਚੀਜ਼ ਨਹੀਂ ਸੀ। ਵੱਡਾ ਫਰਕ ਸੀ ਜੋ ਗੁਰੂ ਪਾਤਸ਼ਾਹ ਨੇ ਪ੍ਰਗਟ ਕੀਤਾ, ਸਾਨੂੰ ਉਸ ਬਾਰੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਗੁਰੂ ਪਾਤਸ਼ਾਹ ਨੇ ਸਪਸ਼ਟ ਕੀਤਾ ਰਾਗ ਅਤੇ ਸੰਗੀਤ ਮਨੁੱਖੀ ਜੀਵਨ ਵਿੱਚ ਕਰਤੇ ਵੱਲੋਂ ਬਖਸ਼ੀ ਬਹੁਤ ਉੱਚੀ ਦਾਤ ਹੈ ਇਹ ਤਾਂ ਮਨੁੱਖ ਦੀ ਆਪਣੀ ਸੋਚ ਹੈ ਕਿ ਉਹ ਇਸਦੀ ਵਰਤੋਂ ਕਿੱਥੇ ਕਰ ਰਿਹਾ ਹੈ। ਜੇ ਮਨੁੱਖ ਦਾ ਮਨ ਗੁਰਬਾਣੀ ਰਾਹੀਂ ਪ੍ਰਭੂ ਪਿਆਰ ਵਿੱਚ ਭਿੱਜਾ ਹੋਇਆ ਹੈ ਤਾਂ ਸੰਗੀਤ ਉਸਦੇ ਮਨ ਨੂੰ ਫੁਰਨਿਆਂ ਤੋਂ ਰੋਕਣ ਵਾਸਤੇ ਇਧਰ-ਉਧਰ ਭਟਕਣ ਤੋਂ ਬਚਾਉਣ ਵਿੱਚ ਮਦਦ ਕਰਦਾ ਹੈ। ਫਰਕ ਹੈ ਤਾਂ ਸੰਗੀਤ-ਰਾਗ ਦੀ ਵਰਤੋਂ ਅਤੇ ਕੁਵਰਤੋਂ ਦਾ। ਪੰਘੂੜੇ ਤੇ ਪਿਆ, ਸੰਸਾਰ ਤੋਂ ਅਨਜਾਣ ਬੱਚਾ ਵੀ ਤਾੜੀ ਦੀ ਆਵਾਜ਼, ਛਨਕਣੇ (ਛੁੰਨਛੁਣੇ) ਦੀ ਛੁਨਛੁਨਾਹਟ ਨਾਲ, ਰੋਂਦਾ ਹੋਇਆ ਖਿਲਖਿਲਾ ਉੱਠਦਾ ਹੈ, ਆਹਰੇ ਲਗ ਜਾਂਦਾ ਹੈ। ਘੰਡੇ ਹੇੜੇ ਦੀ ਆਵਾਜ਼ ਹਿਰਨ ਨੂੰ ਅਤੇ ਬੀਨ ਦੀ ਆਵਾਜ਼ ਸੱਪ ਨੂੰ ਮਸਤ ਕਰ ਦੇਂਦੀ ਹੈ। ਬੇਅੰਤ ਰਚਨਾ ਵਿੱਚ ਹੋ ਰਿਹਾ ਲਗਾਤਾਰ ਮਿੱਠਾ-ਮਿੱਠਾ ਨਾਦ ਅਤੇ ਪੰਛੀਆਂ ਦੀ ਚਹਿ-ਚਹਾਟ ਪ੍ਰਭੂ ਪਿਆਰਿਆਂ ਦੇ ਮਨ ਵਿੱਚ ਧੂ ਪਾ ਦੇਂਦੀ ਹੈ। ਨਦੀਆਂ ਦੇ ਬਹਾਵ ਦੀ ਅਵਾਜ਼ ਇੱਕ ਅਨੂਠਾ ਰਸ ਦੇਂਦੀ ਹੈ। ਕਸੂਰ ਰਾਗ-ਨਾਦ-ਸੰਗੀਤ ਦਾ ਨਹੀਂ ਇਹ ਤਾਂ ਫਰਕ ਮਨੁੱਖ ਰਾਹੀਂ ਇਸ ਦੀ ਵਰਤੋਂ-ਕੁਵਰਤੋਂ ਦਾ ਹੈ, ਜੋ ਉਸਦੇ ਆਪਣੇ ਹੀ ਮਨ ਦੀ ਤਿਆਰੀ ਉਪਰ ਆਧਾਰਿਤ ਹੈ।

**ਦੇਸ਼ਾਂ-ਵਿਦੇਸ਼ਾਂ ਵਿੱਚ ਕੀਰਤਨੀ ਜਥੇ** : ਅੱਜ ਸਿੱਖ ਸਾਰੇ ਸੰਸਾਰ ਵਿੱਚ ਫੈਲ ਚੁੱਕਾ ਹੈ ਅਤੇ ਗੁਰਦੁਆਰੇ ਵੀ ਸਾਰੇ ਸੰਸਾਰ ਵਿੱਚ ਹਨ ਗੁਰਦੁਆਰਿਆਂ ਦੇ ਪ੍ਰਬੰਧਕ ਉਹ ਉਹ ਹਨ ਜੋ ਚੋਣਾਂ ਰਾਹੀਂ ਅੱਗੇ ਆਏ ਹਨ। ਜਿਹੜੇ ਕਿਸੇ ਗੁਰਸਿੱਖੀ ਜੀਵਨ ਕਰਕੇ ਪ੍ਰਬੰਧਕ ਨਹੀਂ ਬਣੇ। ਪ੍ਰਬੰਧਕ ਵੀਰਾਂ ਦੀ ਦੌੜ ਵੀ ਗੁਰਦੁਆਰਿਆਂ ਦੀ ਆਮਦਨ ਅਤੇ ਬਿਲਡਿੰਗਾਂ ਬਨਾਉਣ ਤੀਕ ਸੀਮਤ ਹੈ, ਸਿੱਖੀ ਜੀਵਨ ਦੀ ਸੰਭਾਲ ਦੀ ਲੋੜ ਕਿਸੇ ਪਾਸੇ ਨਹੀਂ, ਨਾ ਹੀ ਪ੍ਰਚਾਰਕ ਕੋਲ ਅਤੇ ਨਾ ਹੀ ਪ੍ਰਬੰਧਕ ਕੋਲ, ਨਾਮ ਹੈ 'ਗੁਰੂ ਕੀ ਸਿੱਖੀ ਦਾ'। ਇਸ ਦੌੜ ਨੇ ਕੀਰਤਨੀ ਜੱਥਿਆਂ ਦੀ ਲੋੜ ਅਤੇ ਗਿਣਤੀ ਬੇਅੰਤ ਵਧਾ ਦਿੱਤੀ ਹੈ। ਸੰਗਤਾਂ ਅੰਦਰ ਵੀ ਬਾਣੀ ਸੋਝੀ ਅਤੇ ਜੀਵਨ ਰਹਿਣੀ ਵਿਚਕਾਰ ਵੱਡਾ ਫਾਸਲਾ ਬਣਿਆ ਪਿਆ ਹੈ। ਸ਼ਰਧਾ-ਬਾਣੀ ਜੀਵਨ ਦੀ ਬਜਾਏ ਕੇਵਲ ਘਰ ਚਰਣ ਪੁਆਉਣੇ ਅਤੇ ਇੱਕ ਸ਼ਬਦ ਦੇ ਕੀਰਤਨ ਤੀਕ ਸੀਮਿਤ ਹੈ। ਅਜਿਹੀ ਸਥਿਤੀ ਨੇ ਕੀਰਤਨੀ ਜੱਥਿਆਂ ਦੇ ਮਿਆਰ ਨੂੰ ਕਾਫੀ ਢਾਹ ਲਾਈ ਹੈ। ਹਰ ਇੱਕ, ਤਿੰਨਾਂ ਦਾ ਗਰੁਪ, ਇੱਕ ਕੀਰਤਨੀ ਜੱਥਾ ਹੈ, ਇਹ ਹਾਲਤ ਬਣੀ ਪਈ ਹੈ ਅੱਜ ਸਿੱਖੀ ਪ੍ਰਚਾਰ ਦੀ ਇਹਨਾਂ ਜੱਥਿਆਂ ਨੂੰ ਦੇਸਾਂ-ਵਿਦੇਸ਼ਾਂ ਦੀਆਂ ਹਵਾਈ ਉਡਾਣਾਂ ਖੁਲ੍ਹੀਆਂ ਪ੍ਰਾਪਤ ਹੋ ਰਹੀਆਂ ਹਨ। ਨੇੜੇ ਜਾਵੋ ਤਾਂ ਇਹਨਾਂ ਵਿੱਚੋਂ ਅਜਿਹੇ ਜੱਥੇ ਵੀ ਵੱਡੀ ਗਿਣਤੀ ਵਿੱਚ ਮਿਲ ਜਾਣਗੇ ਜਿਨ੍ਹਾਂ ਦਾ ਜੀਵਨ ਪੱਧਰ ਇੱਥੇ

ਕਲਮ ਹੇਠਾਂ ਲਿਆਉਣਾ ਵੀ ਆਸਾਨ ਨਹੀਂ। ਇਸ ਵਿੱਚ ਉਹਨਾਂ ਦਾ ਕਸੂਰ ਘਟ ਅਤੇ ਇਸ ਵਕਤ ਪੰਥ ਅੰਦਰ ਵਿਗੜ ਚੁਕੀ ਸਿੱਖੀ ਪ੍ਰਚਾਰ ਲਹਿਰ ਦਾ ਵੱਧ ਹੈ। ਸਾਡਾ ਮਕਸਦ ਕਿਸੇ ਨੂੰ ਦੋਸ਼ ਦੇਣਾ ਨਹੀਂ ਪਰ ਸਚਾਈ ਦੇ ਨੇੜੇ ਹੋ ਕੇ ਉਸਦਾ ਕੁਝ ਹਲ ਢੂੰਡਣਾ ਜ਼ਰੂਰੀ ਹੈ। ਜੇ ਕਰ ਜੀਵਨ ਪੱਖੋਂ ਕਮੀ ਨ ਵੀ ਹੋਵੇ ਤਾਂ ਵੀ ਉਂਗਲੀਆਂ ਤੇ ਗਿਣੇ ਜਾਣ ਵਾਲੇ ਜਥੇ ਹਨ ਜਿਨ੍ਹਾਂ ਅੰਦਰ ਇਹ ਉੱਦਮ ਵੀ ਮਿਲ ਜਾਵੇ ਕਿ ਬਾਣੀ ਸੋਝੀ ਦਾ ਵਿਸ਼ਾ ਹੈ ਕੇਵਲ ਕਲਾ ਜਾਂ ਗਾਇਨ ਨਹੀਂ। ਅੱਜ ਸਾਡੇ ਬਹੁਤੇ ਨਾਮਵਰ ਕੀਰਤਨੀ ਜੱਥਿਆਂ ਦੀ ਹਾਲਤ ਤਾਂ ਇਹ ਬਣੀ ਪਈ ਹੈ, ਉਹਨਾਂ ਦੀ ਤਿਆਰੀ ਜਾਂ ਰਿਹਰਸਲ ਦੀ ਸੀਮਾਂ ਵੀ ਗਾਉਣ ਤੀਕ ਹੈ। ਬਾਕੀ ਸਾਰਾ ਸਮਾਂ ਉਹਨਾਂ ਪਾਸ ਗੱਲਾਂ ਗੱਪਾਂ ਅਤੇ ਸੌਣ ਵਾਸਤੇ ਖਾਲੀ ਹੈ। ਬਾਣੀ ਸਮਝਣ ਵਿਚਾਰਣ ਦੀ ਉੱਕਾ ਲੋੜ ਨਹੀਂ। ਜਦੋਂ ਸਾਡੇ ਨਾਮਵਰ ਕੀਰਤਨੀ ਜੱਥਿਆਂ ਦਾ ਇਹ ਹਾਲ ਤਾਂ ਉਹ ਸੰਗਤਾਂ ਦੀ ਤਿਆਰੀ ਕੀ ਕਰਵਾ ਸਕਦੇ ਹਨ, ਸੋਚਦੇ ਦੇਰ ਨਹੀਂ ਲਗਦੀ। ਕੀਰਤਨੀ ਜੱਥਿਆਂ ਦੀ ਸਮੁਚੀ ਹਾਲਤ ਇਹੀ ਬਣੀ ਪਈ ਹੈ ਜਿਸਦਾ ਜ਼ਿਕਰ ਆ ਚੁੱਕਾ ਹੈ 'ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁਭਾਂਤਿ ਕਰਿ...' ਕੁਲ ਮਿਲਾਕੇ ਸਾਡੇ ਬਹੁਤੇ ਕੀਰਤਨੀ ਜੱਥੇ ਵੱਡੇ ਕਲਾਕਾਰ ਜਾਂ ਗਾਇਕ ਕਹੇ ਜਾ ਸਕਦੇ ਹਨ, ਗੁਰੂ ਦੇ ਕੀਰਤਨੀਏ ਨਹੀਂ। ਇਸ ਵਾਸਤੇ ਕਸੂਰਵਾਰ ਕੇਵਲ ਕੀਰਤਨੀ ਜੱਥੇ ਨਹੀਂ, ਪੰਥ ਅਤੇ ਸਮੁਚੇ ਤੌਰ ਤੇ ਕੰਨ ਰਸ ਨਾਲ ਜੁੜੀਆਂ ਉਹ ਸੰਗਤਾਂ ਵੀ ਹਨ, ਜਿਨ੍ਹਾਂ ਅੰਦਰ ਗੁਰੂ ਦੀ ਗਲ ਲੈਣ ਵਾਲੀ ਕੋਈ ਚਾਹ ਹੈ ਹੀ ਨਹੀਂ। ਕੇਵਲ ਕਲਾ ਜਾਂ ਗਾਇਨ ਨੂੰ ਹੀ ਉਤਸਾਹਿਤ ਕਰ ਰਹੀਆਂ ਹਨ ਜਾਂ ਫਿਰ ਇਸ ਤੋਂ ਵਧ ਚਰਣ ਪੁਆਉਣ ਵਾਲੀ ਬ੍ਰਾਹਮਣੀ ਸੋਚ ਦਾ ਸ਼ਿਕਾਰ ਹਨ। ਜਿਸ ਵਿੱਚ ਗੁਰਬਾਣੀ ਕੀਰਤਨ ਦੇ ਕੱਪੜੇ ਪੁਆ ਕੇ, ਗੁਰਬਾਣੀ ਦੀ ਘੋਰ ਬੇਅਦਬੀ ਕੀਤੀ ਜਾ ਰਹੀ ਹੈ। ਦੋਵੇਂ ਪਾਸੇ ਇਸ ਬਜਰ ਗੁਨਾਹ ਵਾਸਤੇ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ।

**ਗੁਰਮਤਿ ਸੰਗੀਤ ਸੰਸਥਾਵਾਂ :** ਅੱਜ ਪੰਥ ਅੰਦਰ ਬਹੁਤੀਆਂ ਨਹੀਂ ਪਰ ਕੁਝ ਸੰਸਥਾਵਾਂ ਉਹ ਵੀ ਹਨ ਜਿਨ੍ਹਾਂ ਦਾ ਧਿਆਨ ਕੇਵਲ ਗੁਰਮਤਿ ਸੰਗੀਤ ਸਿਖਾਉਣ ਤੀਕ ਹੈ। ਗਹੁ ਨਾਲ ਦੇਖਿਆ ਜਾਵੇ ਤਾਂ ਉੱਥੇ ਵੀ ਗੁਰਮਤਿ ਸੰਗੀਤ ਸਿਖਾਉਣ ਵਾਲੀ ਕੋਈ ਗੱਲ ਨਹੀਂ। ਉੱਥੇ ਵੀ ਗੁਰਮਤਿ ਸੰਗੀਤ ਦਾ ਵੱਧ ਤੋਂ ਵੱਧ ਅਰਥ ਇਤਨਾ ਹੀ ਹੈ, ਗੁਰਬਾਣੀ ਵਿੱਚੋਂ ਕੁਝ ਸ਼ਬਦਾਂ ਦੀ ਟੇਕ ਲੈਕੇ ਸੰਗੀਤ ਸਿਖਾ ਦਿੱਤਾ। ਸ਼ਾਸਤਰੀ ਸੰਗੀਤ ਜਾਂ ਫਿਲਮੀ ਸੰਗੀਤ, ਫਿਲਮੀ ਗਾਣਿਆਂ ਦੀ ਟੇਕ ਲੈ ਕੇ ਸਿਖਲਾਇਆ ਜਾਂਦਾ ਹੈ। ਬਸ ਇੱਥੇ ਸੰਗੀਤ ਦਾ ਨਾਮ ਬਣ ਗਿਆ 'ਗੁਰਮਤਿ ਸੰਗੀਤ'। ਇਸਦੇ ਉਲਟ ਗੁਰਮਤਿ ਸੰਗੀਤ ਦਾ ਮਤਲਬ ਹੈ ਬਾਣੀ ਸੰਗੀਤ ਨੂੰ ਸਿਖਣ ਵਾਲੇ ਦੀ ਪਹਿਲਾਂ ਗੁਰਮਤਿ ਪੱਖੋਂ ਤਿਆਰੀ ਵੀ ਹੋਵੇ। ਗੁਰਮਤਿ ਦਾ ਸੰਬੰਧ ਤਾਂ ਮਨੁੱਖ ਦੇ ਨਿੱਜੀ ਜੀਵਨ ਨਾਲ ਹੈ। ਕੇਵਲ ਵਾਜੇ, ਆਰਕੇਸਟਰਾ, ਜੋੜੀ ਜਾਂ ਤਬਲੇ ਨਾਲ ਨਹੀਂ। ਗੁਰਬਾਣੀ ਸ਼ਬਦ ਪੜ੍ਹ ਲੈਣ ਜਾਂ ਸਿਖਾ ਦੇਣ ਦਾ ਨਾਮ ਗੁਰਮਤਿ ਸੰਗੀਤ ਨਹੀਂ। ਇਸ ਵਾਸਤੇ ਜ਼ਰੂਰੀ ਹੈ ਕਿ ਗੁਰਬਾਣੀ ਸੰਗੀਤ ਵਲ ਵੱਧਣ ਵਾਲਿਆਂ ਵਾਸਤੇ ਪਹਿਲਾਂ ਇੱਕ ਦੋ ਸਾਲ ਗੁਰਮਤਿ ਪੱਖੋਂ ਤਿਆਰੀ ਕਰਵਾਈ ਜਾਵੇ। ਉਪਰੰਤ ਉਹਨਾਂ ਨੂੰ ਇਜਾਜ਼ਤ ਮਿਲੇ ਸਾਜ਼ਾਂ ਵਲ ਵਧਣ ਦੀ। ਇਹ ਗੁਰਮਤਿ ਦੀ ਟਰੇਨਿੰਗ ਵੀ, ਗੁਰਮਤਿ ਸੋਝੀ ਅਤੇ ਜੀਵਨ ਵਾਲੇ ਪੜ੍ਹੇ ਲਿਖੇ ਸਕਾਲਰ ਰਾਹੀਂ ਹੋਣੀ ਜ਼ਰੂਰੀ ਹੈ। ਸਾਡੀਆਂ ਮੌਜੂਦਾ ਗੁਰਮਤਿ ਸੰਗੀਤ ਸੰਸਥਾਵਾਂ, ਜੇ ਕਰ ਅੱਜ ਵੀ ਆਪਣੇ ਆਪ ਨੂੰ ਇਸ ਢੰਗ ਨਾਲ ਢਾਲਣਾ ਅਰੰਭ ਕਰ ਦੇਣ ਤਾਂ ਕੁਝ ਸਮੇਂ ਵਿੱਚ ਹੀ ਇਸਦੇ ਚੰਗੇ ਨਤੀਜੇ ਆਉਣੇ ਅਰੰਭ ਹੋ ਸਕਦੇ ਹਨ।

**ਕੀਰਤਨੀ ਜੱਥਿਆਂ ਨਾਲ ਦੋ ਗੱਲਾਂ :** ਇੱਥੇ ਆਪਣੇ ਰਾਗੀ ਅਤੇ ਕੀਰਤਨੀ ਵੀਰਾਂ ਨਾਲ ਅਸੀਂ ਇੱਕ ਗਲ ਫਿਰ ਸਾਂਝੀ ਕਰਨੀ ਜ਼ਰੂਰੀ ਸਮਝਦੇ ਹਾਂ। ਰਾਗੀ ਵੀਰੋ! ਰੋਟੀ-ਰੋਜ਼ੀ ਕਮਾਉਣਾ ਮਨੁੱਖੀ ਜੀਵਨ ਦੀ ਇੱਕ ਬਹੁਤ ਵੱਡੀ ਲੋੜ ਹੈ। ਇਸ ਪੱਖੋਂ ਗੁਰਬਾਣੀ ਵਿੱਚ ਕਿਧਰੇ ਤੁਹਾਨੂੰ ਰੋਕ ਨਹੀਂ ਲਗਾਈ ਗਈ। ਇਸਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਬਾਣੀ ਵੇਚਣ ਖਰੀਦਣ ਦਾ ਵਿਸ਼ਾ ਨਹੀਂ, ਅੱਜ ਜੋ ਕੁਝ ਹੋ ਰਿਹਾ ਹੈ। ਅਸੀਂ ਗੁਰੂ ਦੇ ਭਯ ਸਤਿਕਾਰ ਵਿੱਚ ਰਹਿਕੇ ਇਸ ਕਿੱਤੇ ਵਲ ਵਧੀਏ। ਗੁਰੂ ਅਕਾਲ ਪੁਰਖ ਦੇ ਦੇਣਦਾਰ ਨ ਬਣੀਏ ਆਪ ਮਿਲਕੇ ਅਜਿਹੇ ਸੰਸਥਾਨ ਪੈਦਾ ਕਰੀਏ ਜਿੱਥੇ ਰਾਗੀ ਅਤੇ ਕੀਰਤਨੀ ਜੱਥਿਆਂ ਦੀ ਤਿਆਰੀ ਦਾ ਪੂਰਾ ਪ੍ਰਬੰਧ ਹੋਵੇ। ਹਰ ਇੱਕ ਜੱਥੇ ਦੀ ਪਹਿਲਾਂ ਦੋ ਸਾਲ ਜਾਂ ਇੱਕ ਸਾਲ ਗੁਰਮਤਿ ਦੀ ਹਰ ਪੱਖੋਂ ਪੂਰੀ ਤਿਆਰੀ ਹੋਵੇ, ਫਿਰ ਜੱਥੇ ਨੂੰ ਸਾਜ਼ਾਂ ਤੀਕ ਪੁੱਜਣ ਦਿੱਤਾ ਜਾਵੇ, ਇੱਥੇ ਹੀ ਬਸ ਨਹੀਂ, ਹਰ ਇੱਕ ਜੱਥੇ ਪਾਸ ਦਸ ਭਾਗ ਗੁਰੂ ਗ੍ਰੰਥ ਸਾਹਿਬ ਦੀ ਦਰਪਣ ਲਿਖਿਤ ਪ੍ਰੋ. ਸਾਹਿਬ ਸਿੰਘ ਜੀ ਪਏ ਹੋਣ। ਜਿਨ੍ਹਾਂ ਸ਼ਬਦਾਂ ਦਾ ਅਸਾਂ ਕੀਰਤਨ ਕਰਨਾ ਹੈ

ਪਹਿਲਾਂ ਉਹਨਾਂ ਸ਼ਬਦਾਂ ਦੀ ਤਿਆਰੀ ਅਰਥਾਂ ਪੱਖੋਂ ਕੀਤੀ ਜਾਵੇ ਤਾਂ ਜਾ ਕੇ ਕਿਸੇ ਸ਼ਬਦ ਨੂੰ ਸੰਗਤਾਂ ਵਿੱਚ ਗਾਇਆ ਜਾਵੇ। ਜਿਹੜੇ ਜੱਥੇ ਇਸ ਸਮੇਂ ਸੰਗਤਾਂ ਵਿੱਚ ਵਿਚਰ ਰਹੇ ਹਨ ਭਾਵੇਂ ਉਹ ਜੱਥੇ ਕਿਸੇ ਵੀ ਪੱਧਰ ਦੇ ਹਨ ਜੇਕਰ ਉਹ ਅੱਜ ਤੋਂ ਹੀ ਇਸ ਪਰਿਪਾਟੀ ਨੂੰ ਅਪਨਾ ਲੈਣ ਫਿਰ ਭਾਵੇਂ ਅੱਜ ਵਾਲੀ ਗਿਣਤੀ ਤੋਂ ਤਿੰਨ ਗੁਣਾ ਜੱਥੇ ਵੀ ਸਾਡੇ ਕੋਲ ਹੋ ਜਾਣ ਉਹ ਜੱਥੇ ਨਾ ਹੀ ਪੰਥ ਨਾਲ ਧਰੋਹ ਕਰ ਰਹੇ ਹੋਣਗੇ ਅਤੇ ਨਾ ਹੀ ਗੁਰੂ-ਅਕਾਲਪੁਰਖ ਦੇ ਦੇਣਦਾਰ ਹੋਣਗੇ। ਬਲਕਿ ਆਪ ਵੀ ਇੱਕ ਸਮੁੱਚੇ-ਉੱਚੇ ਸੁੱਚੇ ਜੀਵਨ ਦੇ ਵਾਰਿਸ ਬਣ ਕੇ ਆਪਣੀ ਸੰਤਾਨ ਨੂੰ ਬਾਣੀ ਜੀਵਨ ਨਾਲ ਮਾਲਾ-ਮਾਲ ਕਰਨ ਦਾ ਕਾਰਣ ਬਨਣਗੇ।

ਇੱਕ ਹੋਰ ਅਨਰਥ : ਅੱਜ ਸਾਡੇ ਪਾਸ ਅਜਿਹੇ ਕੀਰਤਨੀ ਜਥੇ ਬਲਕਿ ਨਾਮਵਰ ਜਥੇ ਵੀ ਮੌਜੂਦ ਹਨ ਜੋ ਗੁਰਬਾਣੀ ਸੋਝੀ ਤੋਂ ਪੂਰੀ ਤਰ੍ਹਾਂ ਖਾਲੀ ਤਾਂ ਹਨ ਹੀ ਨਾਲ-ਨਾਲ ਅਜਿਹੀਆਂ ਬੇਸਿਰ ਪੈਰ ਦੀਆਂ ਕਹਾਣੀਆਂ ਦੀ ਟੇਕ ਲੈਂਦੇ ਹਨ ਜਿਨ੍ਹਾਂ ਨੂੰ ਉਹ ਸਾਖੀਆਂ ਦਾ ਨਾਮ ਦੇ ਦੇਂਦੇ ਹਨ। ਇਸ ਤਰ੍ਹਾਂ ਸੰਗਤਾਂ ਵਿੱਚ ਅਗਿਆਨਤਾ ਵਧਾਉਣ ਦਾ ਘੋਰ ਅਪਰਾਧ ਕਰਦੇ ਹਨ। ਜੇਕਰ ਸੰਗਤਾਂ ਵਿੱਚ ਜਾਗਰਿਤੀ ਆ ਜਾਵੇ ਤਾਂ ਇਸ ਬਿਮਾਰੀ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਅਜਿਹੇ ਜੱਥੇ ਉਹਨਾਂ ਜੱਥਿਆਂ ਤੋਂ ਵੀ ਪੰਥ ਦਾ ਵੱਧ ਨੁਕਸਾਨ ਕਰ ਰਹੇ ਹਨ ਜਿਨ੍ਹਾਂ ਬਾਰੇ ਜ਼ਿਕਰ ਉਪਰ ਆ ਚੁੱਕਾ ਹੈ। ਇਸ ਬਾਰੇ ਸਮੁਚੇ ਤੌਰ ਤੇ ਪੰਥ ਨੂੰ ਵਧ ਧਿਆਨ ਦੇਣ ਦੀ ਲੋੜ ਹੈ। ਗੁਰਬਾਣੀ ਕੀਰਤਨ ਵਿੱਚ ਯੋਗ ਪ੍ਰਚਾਰਕਾਂ ਰਾਹੀਂ ਗੁਰਬਾਣੀ ਸਿਧਾਂਤ-ਜੀਵਨ ਦੀ ਵਿਆਖਿਆ ਗਾਇਨ ਕੀਤੇ ਜਾ ਰਹੇ ਗੁਰਬਾਣੀ ਸ਼ਬਦਾਂ ਦੇ ਦਾਇਰੇ ਵਿੱਚ ਹੀ ਹੋਵੇ। ਇੱਥੇ ਵੀ ਇਸ ਗੱਲ ਦਾ ਧਿਆਨ ਕਰਨ ਦੀ ਲੋੜ ਹੈ। ਵਿਆਖਿਆ ਵਿਚਾਰ ਇਸ ਤਰ੍ਹਾਂ ਸਪਸ਼ਟ ਹੋਵੇ ਜਿਸ ਤੋਂ ਸੰਗਤਾਂ ਨੂੰ ਅਨਮਤ-ਮਨਮਤ ਅਤੇ ਬ੍ਰਾਹਮਣ ਮੱਤ ਤੋਂ ਸੁਚੇਤ ਕੀਤਾ ਗਿਆ ਹੋਵੇ। ਕੇਵਲ ਗੋਲ ਮੋਲ ਤਰੀਕੇ ਨਾਲ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ 'ਨਾਮ ਜਪੋ ਜੀ', 'ਸਿਮਰਨ ਕਰੋ ਜੀ', 'ਗੁਰੂ ਵਾਲੇ ਬਣੋ ਜੀ' ਆਦਿ ਕਰਕੇ ਸਮਾਂ ਨਾ ਟਪਾਇਆ ਜਾਵੇ। ਮਨ ਵਿੱਚ ਦੌੜ ਕੇਵਲ ਇਤਨੀ ਹੁੰਦੀ ਹੈ ਸੰਗਤਾਂ ਦੀ ਗਿਣਤੀ ਵੱਧ ਤੋਂ ਵੱਧ ਹੋਵੇ ਜਿਸ ਤੋਂ ਮੇਰੀ ਵਾਹ ਵਾਹ ਵਧੇ। ਦੂਜੇ ਪਾਸੇ ਸੰਗਤਾਂ ਦੀ ਜੀਵਨ ਬਾਣੀ ਪੜ੍ਹ ਸੁਣਕੇ ਵੀ ਉੱਥੇ ਦੇ ਉੱਥੇ ਹੀ ਖਲੋਤੇ ਰਹਿਣ। ਅੱਜ ਇਹ ਘਾਟ ਚੰਗੇ ਚੰਗੇ ਨਾਮਵਰ ਜਥਿਆਂ ਵਿੱਚੋਂ ਦੇਖਣ ਨੂੰ ਮਿਲ ਰਹੀ ਹੈ। ਅਜਿਹਾ ਕਰਨਾ ਵੀ ਆਪਣੇ ਆਪ ਵਿੱਚ ਬਾਣੀ ਦਾ ਵਪਾਰ ਹੈ ਹੋਰ ਕੁਝ ਨਹੀਂ।

ਮੁਕਦੀ ਗੱਲ : ਸਾਜ਼ਾਂ ਰਾਹੀਂ ਗੁਰਬਾਣੀ ਕੀਰਤਨ ਪੰਥ ਦੀ ਰੀੜ੍ਹ ਦੀ ਹੱਡੀ ਹੈ, ਅਤਿ ਜ਼ਰੂਰੀ ਹੈ ਇਸਦੇ ਨਾਲ ਸਾਡੇ ਰਾਗੀ-ਕੀਰਤਨੀ ਜਥੇ ਵੀ ਅਜਿਹੇ ਹੋਣੇ ਜ਼ਰੂਰੀ ਹਨ ਜਿਨ੍ਹਾਂ ਦੇ ਜੀਵਨ ਅੰਦਰ ਬਾਣੀ-ਸੋਝੀ ਵਿਚਾਰ ਅਤੇ ਵਰਤੋਂ ਵੀ ਹੋਵੇ। ਆਪਣੇ ਆਪਣੇ ਪਰਿਵਾਰ ਦੀ ਸੰਭਾਲ ਵੀ ਕਰ ਸਕਣ ਅਤੇ ਸੰਗਤਾਂ ਦੇ ਜੀਵਨ ਨੂੰ ਵੀ ਉੱਚਾ ਚੁੱਕ ਸਕਣ। ਨਿਰਾ-ਪੁਰਾ ਸੋਝੀ ਵਿਹੀਣ ਸ਼ਬਦ ਗਾਇਣ, ਗੁਰਬਾਣੀ ਕੀਰਤਨ ਨਹੀਂ। ਇਸ ਬਾਰੇ ਗੁਰਬਾਣੀ ਅੰਦਰ ਫੈਸਲਾ ਬਿਲਕੁਲ ਸਪਸ਼ਟ ਹੈ। ਅਸਾਂ ਕੇਵਲ ਕਲਾਕਾਰ ਜਾਂ ਗਾਇਕ ਨਹੀਂ ਬਣਨਾ, ਗੁਰੂ ਦੇ ਕੀਰਤਨੀਏ ਬਣਨਾ ਹੈ "ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਅਯਾਨਾ" (ਕਬੀਰ ਪੰਨਾ 484) ਫਿਰ ਵੀ ਅੱਜ ਸਾਡੇ ਬਹੁਤੇ ਕੀਰਤਨੀ ਜੱਥਿਆਂ ਦੇ ਪਰਿਵਾਰਾਂ ਵਿੱਚ ਵੀ ਟਿਕਾਅ ਨਹੀਂ, ਭਾਵੇਂ ਮਾਇਆ ਧਨ ਤਾਂ ਬਹੁਤ ਆ ਗਿਆ ਹੈ। ਇਸਦਾ ਮੁੱਖ ਕਾਰਣ ਹੈ ਸਾਡਾ ਕਲਾਕਾਰ ਵੱਧ ਅਤੇ ਕੀਰਤਨੀਏ ਘੱਟ ਹੋਣਾ। ਕਰਤੇ ਦੀ ਬਖਸ਼ਿਸ਼, ਕਰਤੇ ਨੂੰ ਮਨ ਸਮਰਪਣ ਕੀਤੇ ਬਿਨ੍ਹਾਂ ਪ੍ਰਾਪਤ ਨਹੀਂ ਹੋ ਸਕਦੀ। ☬


Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

THE AROMA
Sector: 22 - C, Chandigarh,
Ph.: 700045-48 Fax : 0172-700051
E-mail : hotelaroma@glide.net.in
Website : www.hotelaroma.com
*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Phulkari
Art Craft

# ਵਿਚਿ ਦੁਨੀਆ ਕਾਹੇ ਆਇਆ?

ਕਰਤਾਰ ਸਿੰਘ ਨੀਲਧਾਰੀ
162-ਏ, ਗਰੇਨ ਮਾਰਕੀਟ, ਚੰਡੀਗੜ੍ਹ

ਹਰ ਦੇਸ਼, ਸਮਾਜ ਜਾਂ ਕੌਮ ਦੇ ਵਿਦਵਾਨ ਅਤੇ ਗਿਆਨਵਾਨ ਇਸ ਪ੍ਰਸ਼ਨ ਦੇ ਫਲਸਫੇ ਨੂੰ ਮੁੱਖ ਰੱਖਕੇ ਖੋਜ ਜਾਂ ਆਤਮਖੋਜ ਕਰਦੇ ਆ ਰਹੇ ਹਨ ਕਿ ਸਮਾਜ ਦਾ ਸਾਰਾ ਚਲਨ ਅਰਥ (ਧਨ-ਦੌਲਤ) ਅਤੇ ਕਾਮ (ਪੁਰਸ਼ ਇਸਤ੍ਰੀ ਸੰਬੰਧ ਅਤੇ ਸ਼ਰੀਰ ਭੋਗ) ਉੱਤੇ ਆਧਾਰਿਤ ਹਨ। ਪੱਛਮੀ ਦੇਸ਼ਾਂ ਵਿੱਚ ਫਰਾਇਡ ਨੇ ਕਾਮ ਬਾਰੇ ਅਤੇ ਮਾਰਕਸ ਨੇ ਅਰਥ ਬਾਰੇ ਨਿੱਗਰ ਵਿਚਾਰ ਪੇਸ਼ ਕਰਕੇ ਵਿਚਾਰ ਕਰਾਂਤੀਆਂ ਤੇ ਰਾਜ ਪਲਟਿਆਂ ਦਾ ਆਧਾਰ ਬਣਾਇਆ। ਕੌਟਲਿਆ (ਚਾਣਕ) ਨੇ ਰਾਜਨੀਤੀ ਸ਼ਾਸ਼ਤਰ ਦਾ ਨਾਮ ਅਰਥ ਸ਼ਾਸ਼ਤਰ ਹੀ ਰੱਖਿਆ ਸੀ।

ਪੌਰਾਣਕ ਕਾਲ ਵਿੱਚ ਅਵਤਾਰਾਂ ਵੱਲੋਂ ਤਤਕਾਲੀਨ ਜ਼ੁਲਮ ਦੇ ਕੇਂਦਰਾਂ ਦਾ ਨਾਸ ਕਰਕੇ ਆਮ-ਮਨੁੱਖਾਂ ਦਾ ਜੀਵਨ ਸੌਖਾ ਕੀਤਾ ਜਾਂਦਾ ਰਿਹਾ। ਵੀਤਰਾਗੀ ਇਸ ਪ੍ਰਸ਼ਨ ਦਾ ਉੱਤਰ ਤਲਾਸ਼ ਕਰਨ ਲਈ ਸਮਾਜਿਕ ਜੀਵਨ ਤਿਆਗ ਦਿੰਦੇ ਰਹੇ। ਮਹਾਤਮਾ ਬੁੱਧ ਨੇ ਬੀਮਾਰੀ, ਬੁਢੇਪਾ ਤੇ ਮੌਤ ਦੇ ਨਜ਼ਾਰੇ ਦੇਖ ਕੇ ਬੁੱਧਤਵ ਦੀ ਖੋਜ ਆਰੰਭ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁਰਾਤਨ ਕਾਲ ਤੋਂ ਚਲੇ ਆ ਰਹੇ ਇਸ ਪਲਾਇਨਵਾਦੀ ਰੁਝਾਨ ਦੇ ਵਿਰੁੱਧ ਬਿਗਲ ਬਜਾਇਆ ਅਤੇ 'ਗੁਰਮੁਖ ਮਾਇਆ ਵਿੱਚ ਉਦਾਸੀ' ਦਾ ਗਿਆਨ ਘੋਸ਼ ਬੁਲੰਦ ਕੀਤਾ। ਸਿੱਖ ਗੁਰੂ ਪਰੰਪਰਾ ਤੋਂ ਇਲਾਵਾ ਹੋਰ ਗੁਰੂਆਂ, ਭਗਤੀ ਲਹਿਰ ਦੇ ਭਗਤਾਂ ਸਾਧਾਂ ਅਤੇ ਸੂਫੀ ਫਕੀਰਾਂ ਨੇ ਵੀ ਸਮਾਜਿਕ ਵਿਸ਼ਮਤਾਵਾਂ ਤੇ ਕੁਰੀਤੀਆਂ ਵਿਰੁੱਧ ਆਵਾਜ਼ ਉਠਾ ਕੇ ਆਮ ਮਨੁੱਖ ਦੇ ਸੁਖ ਲਈ, ਸੰਤੁਲਿਤ ਜੀਵਨ ਅਤੇ ਸਦਾਚਾਰੀ ਸਭਿਆਚਾਰ ਦਾ ਪ੍ਰਚਾਰ ਕੀਤਾ। ਸ੍ਰਿਸ਼ਟੀ ਦੇ ਰਚਨਾ ਕ੍ਰਮ ਵਿੱਚ ਮਨੁੱਖ ਨੂੰ ਕਾਦਰ ਦੀ ਸਰਬ ਸ੍ਰੇਸ਼ਟ ਰਚਨਾ ਦਸ ਕੇ ਇਸ ਨੂੰ ਆਪਣੇ ਮੂਲ ਦੀ ਪਹਿਚਾਨ ਕਰਨ ਲਈ ਪ੍ਰੇਰਿਆ ਗਿਆ। ਮਹਾਤਮਾ ਬੁੱਧ ਦੇ ਨਿਰਵਾਣ ਦੇ ਪਲਾਇਨਵਾਦੀ ਢੰਗ ਨਾਲ ਪੂਰੇ ਰਾਜ ਆਸਰੇ ਦੇ ਬਾਵਜੂਦ ਬੁੱਧ ਧਰਮ ਜਿਸ ਤਰ੍ਹਾਂ ਤਾਂਤ੍ਰਿਕ ਸਾਧਨਾ ਵਲ ਵਧਿਆ ਉਸ ਦੀ ਜੀਵੰਤਤਾ ਤਿਬੱਤ ਦੇ ਬੁੱਧ ਧਰਮ ਤੋਂ ਦੇਖੀ ਜਾ ਸਕਦੀ ਹੈ। ਬੁੱਧ ਦੇ ਸਦਾਚਾਰੀ ਅਸ਼ਟ ਮਾਰਗ ਦਾ ਭਾਂਡਾ, ਤਾਂ ਭਿਖੂ-ਭਿਖੁਣੀਆਂ ਦੇ ਮਨਾਂ ਵਿੱਚ ਸਵਛੰਦ ਵਿਵਹਾਰ ਨੇ, ਭੰਨ ਕੇ ਇਸ ਧਰਮ ਨੂੰ ਭਾਰਤ ਵਿੱਚੋਂ ਖਤਮ ਕਰਾ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਤ ਜੀਵਨ ਨੂੰ ਸੁਭਾਵਿਕ ਤੇ ਸ਼੍ਰੇਸ਼ਟ ਕਹਿ ਕੇ ਪਰਚਾਰਿਆ ਅਤੇ ਸਾਰੇ ਅਧਿਆਤਮਕ ਉਪਦੇਸ਼ਾਂ ਦਾ ਆਧਾਰ ਜੀਵਨ ਦੇ ਵਰਤੋਂ ਦੇ ਅੰਗਾਂ ਤੇ ਸਮਾਜਿਕ ਸਦਾਚਾਰ ਵਿੱਚੋਂ ਉਘਾੜ ਕੇ ਧਰਮ, ਅਰਥ, ਕਾਮ ਤੇ ਮੋਖ ਦੀ ਚਤੁਰੰਗੀ ਪ੍ਰਾਪਤੀ ਲਈ ਕੇਵਲ ਘਰ ਪਰਿਵਾਰ ਦੇ ਸੰਤੁਲਿਤ ਜੀਵਨ ਨੂੰ ਸਿਮਰਨ ਤੇ ਸਾਧ ਸੰਗ ਨਾਲ ਜੋੜਨ ਦੀ ਪ੍ਰੇਰਨਾ ਦਿੱਤੀ।

*ਅਰਥ ਧਰਮ ਕਾਮ ਮੋਖ ਕਾ ਦਾਤਾ।*
*ਪੂਰੀ ਭਈ ਸਿਮਰਿ ਸਿਮਰਿ ਬਿਧਾਤਾ।*

(ਪੰਨਾ 806)

ਨਿਰਸੰਦੇਹ ਗੁਰੂ ਬਾਣੀ ਪੂਰਨ ਵਿਸ਼ਵਾਸ਼ ਤੇ ਦ੍ਰਿੜਤਾ ਨਾਲ ਇੱਕ ਕਰਤਾ ਪੁਰਖ ਦੀ ਹੋਂਦ ਅਤੇ ਉਸਦੇ ਸਿਮਰਨ ਦਾ ਉਪਦੇਸ਼ ਦਿੰਦੀ ਹੈ, ਲੇਕਿਨ ਇਸ ਵਿਸ਼ਵਾਸ਼ ਤੋਂ ਬਗੈਰ ਵੀ ਗੁਰੂ ਬਾਣੀ ਦੀ ਚਿੰਤਨ ਧਾਰਾ ਇੱਕ ਸਦਾਚਾਰੀ ਸਭਿਆਚਾਰ ਦੇ ਮਾਰਗ ਤੇ ਤੋਰ ਕੇ ਸੁਖੀ ਪਰਿਵਾਰ ਤੇ ਸਮਰਿੱਧ ਸਮਾਜ ਲਈ ਪੂਰੀ ਤਰ੍ਹਾਂ ਪ੍ਰੇਰਨਾਮਈ ਹੈ। ਆਪਣੇ ਮੋਕਲੇ ਕਲੇਵਰ ਨਾਲ ਗੁਰਬਾਣੀ ਸਿੱਧਾਂਤ, ਸੁਅਸੱਥ ਸਮਾਜ ਅਤੇ ਮਾਨਵਤਾ ਦੇ ਇੱਕੋ ਭਾਈ ਚਾਰੇ ਦੇ ਚਿੰਤਨ ਨਾਲ, ਪਤੀ-ਪਤਨੀ ਦੇ ਇੱਕ ਇੱਕ ਜੋੜੇ ਦੇ ਪ੍ਰੀਤੀ ਭਰੇ ਜੀਵਨ ਵਿੱਚੋਂ ਪੱਖ ਪੂਰਤੀ ਦਾ ਰਾਹ ਅਖਤਿਆਰ ਕਰਦੇ ਹਨ। ਸੂਫੀਮਤ ਵਿੱਚ ਇਸ਼ਕ ਮਿਜਾਜੀ ਦੀ ਵਫਾਦਾਰੀ ਵਿੱਚ ਇਸ਼ਕ ਹਕੀਕੀ ਦੀ ਕਲਪਨਾ ਸਾਕਾਰ ਕੀਤੀ ਜਾਂਦੀ ਹੈ ਉਸੇ ਤਰ੍ਹਾਂ ਗੁਰਬਾਣੀ ਵਿੱਚ ਹਰੇਕ ਇਸਤਰੀ ਨੂੰ ਪਤੀ ਪਰਾਇਣ ਹੋਣ ਅਤੇ ਸੰਪੂਰਨ ਸਮਰਪਿਤ ਹੋਕੇ ਪੁਰਸ਼ ਪਤੀ ਨੂੰ ਪਤੀਜਣ ਦਾ ਗੁਰ (ਭੇਤ) ਸਮਝਾਇਆ ਗਿਆ ਹੈ। ਅਧਿਆਤਮਕ ਪੱਖ ਨਾਲ ਇਹੋ ਆਪਾ ਮਿਟਾਊ ਪੂਰਨ ਸਮਰਪਣ ਹੀ ਪ੍ਰਭੂ ਭਗਤੀ ਨੂੰ ਸਫਲ ਕਰਨ ਦਾ ਮਾਰਗ ਦਰਸਾਇਆ ਗਿਆ ਹੈ।

*ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ।*
*ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ।*

(ਪੰਨਾ 788)

ਪਤੀ ਅਤੇ ਪਤਨੀ ਦੇ ਇਕੱਠੇ ਰਹਿਣ ਨਾਲ ਹੀ ਦੰਪਤੀ ਨਹੀਂ ਬਣ ਜਾਂਦੇ। ਦੁਹਾਂ ਦਾ ਅਜਿਹਾ ਆਪਸੀ ਸਮਰਪਣ ਹੋਵੇ ਕਿ ਦੋ ਸ਼ਰੀਰ ਇੱਕ ਜਾਨ ਬਣ ਕੇ ਸਮਾਜ ਵਿੱਚ ਰਹਿਣ। ਅੱਜ ਕਲ ਹਉਮੈ ਰਹਿਤ ਸਮਰਪਨ ਦੀ ਘਾਟ ਕਾਰਨ ਹੀ ਪਰਿਵਾਰ ਟੁੱਟਦੇ ਜਾ ਰਹੇ ਹਨ। ਇੱਥੇ ਇਹ ਗੰਭੀਰ ਚਿੰਤਨ ਦੀ ਲੋੜ ਹੈ ਕਿ ਪਤੀ-ਪਤਨੀ ਦੇ

ਸੰਬੰਧਾਂ ਵਿੱਚ ਸਮਾਨ ਆਦਰ, ਵਿਸ਼ਵਾਸ਼ ਅਤੇ ਸਮਰਪਨ ਨਾਲ ਹੀ ਇੱਕ ਜਾਨ ਦੋ ਸ਼ਰੀਰਾਂ ਦੀ ਕਲਪਨਾ ਕੀਤੀ ਗਈ ਹੈ। ਅਜਿਹੀ ਪ੍ਰੀਤੀ ਲਈ ਸੇਜ ਦੀ ਕਲਪਨਾ ਤੇ ਹੋਂਦ ਨੂੰ ਵੀ ਨਿਰਸੰਕੋਚ ਬਿੰਬ ਬਣਾਇਆ ਗਿਆ ਹੈ।

*ਏਕਾ ਸੇਜ ਵਿਛੀ ਧਨ ਕੰਤਾ।*
*ਧਨ ਸੂਤੀ ਪਿਰੁ ਸਦ ਜਾਗੰਤਾ।*
*ਪੀਓ ਮਦਰੋ ਧਨ ਮਤਵੰਤਾ।*
*ਧਨ ਜਾਗੇ ਜੇ ਪਿਰ ਬੋਲੰਤਾ॥*

(ਪੰਨਾ 737)

ਇੱਕੋ ਸੇਜ ਦੁਹਾਂ ਲਈ ਵਿਛੀ ਹੈ। ਪਤਨੀ (ਥੱਕੀ ਹੋਈ) ਸੌਂ ਗਈ ਹੈ ਤੇ ਪਤੀ ਉਸਨੂੰ ਨਿਹਾਰ ਰਿਹਾ ਹੈ। ਅਚਾਨਕ ਉਹ ਆਵੇਸ਼ ਵਿੱਚ ਉਸ ਦੇ ਅਦਰਾਂ ਦਾ ਮਦਪਾਨ ਕਰਦਾ ਹੈ ਤੇ ਪਤਨੀ ਮਸਤ ਹੋ ਕੇ ਇਹ ਸੁਖ ਲੈਂਦੀ ਹੈ। ਉਹ ਉਸ ਸਮੇਂ ਹੀ ਬੋਲਦੀ ਹੈ ਜਦੋਂ ਉਸ ਨੂੰ ਪੀਆ ਬੁਲਾਉਂਦਾ ਹੈ।

ਅਜਿਹੀ ਪਿਆਰ ਭਰੀ ਦੁਨੀਆਂ ਦੀ ਮਸਤੀ ਵਿੱਚ ਤਦੋਂ ਅਵਿਸ਼ਵਾਸ਼ ਦਾ ਸੱਪ ਫਨ ਫੈਲਾ ਲੈਂਦਾ ਹੈ ਜਦੋਂ ਦੁਰਭਾਗ ਵੱਸ ਪਰ ਪੁਰਸ਼ ਜਾਂ ਪਰ ਨਾਰੀ ਦੀ ਭਾਵਨਾ ਦਾ ਪਾਪ ਜਾਗ ਪੈਂਦਾ ਹੈ। ਗੁਰਬਾਣੀ ਅਜਿਹੀ ਅਨਾਚਾਰ ਨੂੰ ਪੂਰੀ ਤਰ੍ਹਾਂ ਬੇਨਕਾਬ ਕਰਕੇ ਦੁਤਕਾਰਦੀ ਹੈ -

*ਰੇ ਨਰ ਕਾਇ ਪਰ ਗ੍ਰਿਹਿ ਜਾਈ?*

(ਪੰਨਾ 1001)

*ਤਕਹਿ ਨਾਰਿ ਪਰਾਈਆਂ ਲੁਕਿ ਅੰਦਰਿ ਠਾਣੀ।*

(ਪੰਨਾ 815)

ਅਤੇ ਸਪਸ਼ਟ ਕੀਤਾ ਹੈ ਕਿ ਪਰਾਈ ਇਸਤ੍ਰੀ ਜਾਂ ਪੁਰਖ ਨੂੰ ਵਾਸ਼ਨਾਤਮਕ ਦੇਖਣਾ ਵੀ ਪਾਪ ਹੈ ਜਾਂ ਸਮਾਜਕ ਅਛੂਤ ਦਾ ਕੰਮ ਹੈ -'ਅਖੀ ਸੂਤਕ ਵੇਖਣਾ' ਵਾਲਾ ਸਮਾਜ ਦ੍ਰੋਹੀ ਹੈ। ਇਸਤ੍ਰੀ ਦੀ ਪੂਰਨਤਾ ਉਸ ਦੇ ਮਾਂ ਬਣਨ ਨਾਲ ਹੁੰਦੀ ਹੈ ਅਤੇ ਗੁਰਬਾਣੀ ਵਿੱਚ ਨਾਰੀ ਦੀ ਸਮਾਜਿਕ ਲੋੜ ਅਤੇ ਸਨਮਾਨ ਨੂੰ ਮੁੱਖ ਰੱਖ ਕੇ ਗੁਰੂ ਜੀ ਸਮਾਜ ਦੇ ਠੇਕੇਦਾਰਾਂ ਨੂੰ ਵੰਗਾਰਦੇ ਹੋਏ ਪੁੱਛਦੇ ਹਨ -

*ਭੰਡ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*

(ਪੰਨਾ 473)

ਇਸਤਰੀ ਤੋਂ ਬਗੈਰ ਪਰਿਵਾਰ ਨਹੀਂ ਬਣਦਾ ਅਤੇ ਸਮਾਜਿਕ ਬੰਧਨ ਅਤੇ ਅਨੁਸ਼ਾਸਨ ਇਸਤ੍ਰੀ-ਪੁਰਖ ਦੇ ਰਿਸ਼ਤੇ ਨਾਲ ਹੋਂਦ ਵਿੱਚ ਆਏ ਹਨ। ਸਮਾਜ ਦੇ ਇਸ ਸ੍ਰੇਸ਼ਟ ਅੱਧ ਨੂੰ ਨਿੰਦਨ ਵਾਲੇ ਜੋਗੀ, ਸੰਨਿਆਸੀ ਤੇ ਪਲਾਇਨਵਾਦੀਆਂ ਕੋਲ ਇਸ ਸਵਾਲ ਦਾ ਜੁਆਬ ਨਹੀਂ ਸੀ ਤੇ ਨਾ ਹੀ ਉਨ੍ਹਾ ਕੋਲ ਅੱਜ ਹੈ ਜੋ ਪੁਰਖ ਹੋਣ ਦੇ ਅਹੰਕਾਰ ਨਾਲ ਇਸਤ੍ਰੀ ਨੂੰ ਭੋਗ ਦੀ ਇੱਕ ਵਸਤੂ ਸਮਝ ਕੇ ਤਿਰਸਕਾਰਦੇ ਹਨ।

ਗੁਰਮਤਿ ਵਿਚਲੇ ਕਿਰਤ ਕਰਨੀ ਤੇ ਵੰਡ ਛਕਣ ਦੇ ਅਸੂਲ ਨੂੰ ਸਭ ਜਾਣਦੇ ਹਨ ਪਰ ਵਰਤੋਂ ਵਿੱਚ ਧਨੀ ਵਿਅਕਤੀ ਗਰੀਬ ਦੇ ਮੂੰਹ ਨੂੰ ਗੁਰੂ ਕੀ ਗੋਲਕ ਸਮਝਕੇ ਵਿਵਹਾਰ ਨਹੀਂ ਕਰ ਰਹੇ। ਅਜਿਹੀ ਵਰਤੋਂ ਤੇ ਮਨਮੱਤ ਨਾਲ ਸਮਾਜਿਕ ਨਿਆਂ ਤੇ ਸੰਤੁਲਨ ਦੀ ਆਸ ਅਸੰਭਵ ਹੋ ਜਾਂਦੀ ਹੈ। 'ਮਾਇਆ ਵਿੱਚ ਉਦਾਸੀ' ਦੇ ਸਿਧਾਂਤ ਨਾਲ ਹੀ ਇੱਕ ਸੁਖੀ ਸਭਿਆਚਾਰਕ ਸਮਾਜ ਦਾ ਨਿਰਮਾਣ ਹੋ ਸਕਦਾ ਹੈ ਜਿਸ ਵਿੱਚ ਮਨੁੱਖ ਹੋਣ ਦੀ ਸਮਾਨ ਭਾਵਨਾ ਨਾਲ ਅਤੇ ਆਰਥਿਕ ਖੁਸ਼ਹਾਲੀ ਨਾਲ ਹੀ ਅਧਿਆਤਮਕ ਸਫਰ ਵਲ ਸਹਜ ਸਫਰ ਆਰੰਭਿਆ ਜਾ ਸਕਦਾ ਹੈ। ਧਨ ਅਤੇ ਜੋਬਨ ਦੇ ਗੁਮਾਨ ਨਾਲ ਹੀ ਸਾਰੇ ਸਮਾਜਿਕ ਅਸੰਤੁਲਨ ਤੇ ਅਸੰਤੋਸ਼ ਪੈਦਾ ਹੁੰਦੇ ਹਨ।

*ਕਰਿ ਕਰਿ ਪਾਪ ਦਰਬੁ ਕੀਆ ਵਰਤਣ ਕੇ ਤਾਈ।*
*ਮਾਟੀ ਸਿਉ ਮਾਟੀ ਰਲੀ ਨਾਗਾ ਉਠਿ ਜਾਈ॥*

(ਪੰਨਾ 809)

ਨਸੀਹਤ ਨਾਮੇ ਦੀ ਨਸੀਹਤ ਧਨ ਦੀ ਸਾਰਥਕਤਾ ਇੰਝ ਦਰਸਾਂਦੀ ਹੈ-

*ਦਮੜਾ ਤਿਸੀ ਕਾ ਜੋ ਖਰਚੇ ਔਰ ਖਾਏ।*
*ਦੇਵੇ ਦਿਲਾਏ ਰਜਾਏ ਖੁਦਾਇ।*
*ਹੋਡਾ ਨਾ ਰਾਖੇ ਅਕੇਲਾ ਨਾ ਖਾਏ।*

ਸੰਸਾਰ ਦੇ ਸਾਰੇ ਜੰਗ ਜਰ, ਜੋਰੂ ਤੇ ਜ਼ਮੀਨ ਲਈ ਹੁੰਦੇ ਹਨ। ਰਾਮਾਇਣ ਦੇ ਰਾਮ-ਰਾਵਣ ਯੁੱਧ ਦਾ ਤਤਕਾਲੀਨ ਕਾਰਣ ਰਾਵਣ ਦੁਆਰਾ ਸੀਤਾ-ਹਰਣ ਸੀ। ਮਹਾਂਭਾਰਤ ਯੁੱਧ ਨਾ ਟਲਣ ਦਾ ਮੁੱਖ ਕਾਰਣ ਦ੍ਰੋਪਦੀ ਦਾ ਜੁਆ-ਸਭਾ ਵਿੱਚ ਹੋਇਆ ਅਪਮਾਨ ਸੀ। ਮੌਜੂਦਾ ਸਮੇਂ ਵਿੱਚ ਪਾਕ ਹਿੰਦ ਦਾ ਅੱਧੀ ਸਦੀ ਤੋਂ ਚਲਿਆ ਤਨਾਵ ਵੀ ਕਸ਼ਮੀਰ ਦੀ ਧਰਤੀ ਦੇ ਲਈ ਹੈ। ਜਦ ਕਿ ਕਸ਼ਮੀਰੀਆਂ ਦੇ ਦੁੱਖਾਂ ਦਾ ਕੋਈ ਅੰਤ ਜਾਂ ਕਿਨਾਰਾ ਨਜ਼ਰ ਨਹੀਂ ਆਉਂਦਾ। ਹਿੰਦੁਸਤਾਨ ਦੇ ਧਨ ਮਾਲ ਤੇ ਔਰਤਾਂ ਨੂੰ ਲੁੱਟਣ ਲਈ ਜਰਵਾਣੇ ਪਾਪ ਦੀ ਜੰਞ ਲੈ ਕੇ ਆਉਂਦੇ ਰਹੇ ਅਤੇ ਕਰਮ ਕਾਂਡਾਂ ਦੀ ਵਲਗਣ ਵਿੱਚ ਘਿਰੇ ਨਪੁੰਸਕ, ਸੁਆਰਥੀ ਅਤੇ ਫੁੱਟੇ ਦੇਸ਼ ਨੂੰ ਮਨਚਾਹੇ ਤਰੀਕੇ ਨਾਲ ਲੁੱਟ ਲਿਜਾਂਦੇ ਰਹੇ ਤੇ ਫੇਰ ਹੁਕਮਰਾਨ ਵੀ ਬਣ ਗਏ। ਜਦੋਂ ਸਮਾਜ ਵਿੱਚ ਅਸੰਤੁਲਨ ਹੋ ਜਾਂਦਾ ਹੈ ਤਾਂ

ਅਮੀਰ ਵਰਗ ਵਿਸ਼ੇਸ਼ ਸ਼ਕਤੀ ਨਾਲ ਬਾਕੀ ਸਮਾਜ ਨੂੰ ਆਪਣਾ ਬੰਧਕ ਤੇ ਗੁਲਾਮ ਸਮਝਦਾ ਹੈ। ਇੱਥੇ ਤਾਂ ਬ੍ਰਾਹਮਣ ਸਮਾਜ ਦੇ ਮੁਫਤਖੋਰੀ ਦੇ ਢੌਂਗਾਂ ਨਾਲ ਸਮਾਜ ਜਿਸ ਦਲਦਲ ਵਿੱਚ ਫੱਸਿਆ ਹੋਇਆ ਸੀ ਉਸ ਮਾਨਸਿਕਤਾ ਵਿੱਚੋਂ ਉਭਰਨ ਨੂੰ ਅੱਜ ਵੀ ਤਿਆਰ ਨਹੀਂ।

ਗੁਰੂ ਜੀ ਨੇ ਸਪਸ਼ਟ ਫੁਰਮਾਇਆ, "*ਕੰਚਨ ਨਾਰੀ ਮਹਿ ਜੀਉ ਲੁਭਤੁ ਹੈ ਮੋਹ ਮੀਠਾ ਮਾਇਆ।*" (ਪੰਨਾ 167) ਅਤੇ "*ਮਾਈ ਮਾਇਆਛਲ*" (ਪੰਨਾ 717)। ਪਰਿਵਾਰਾਂ ਦੀ ਬਣਤਰ ਵਿੱਚ ਮਾਇਆ-ਮਾਲ ਦੀ ਵੰਡ ਸਾਰੇ ਕਲੇਸ਼ ਪੈਦਾ ਕਰਦੀ ਹੈ ਜਦੋਂ ਕੋਈ ਧਨਵਾਨ ਦੌਲਤ ਭੰਡਾਰ ਬਣਾ ਕੇ ਮਰ ਜਾਂਦਾ ਹੈ ਤੇ ਮਗਰੋਂ-

*ਮਾਇ ਬਾਪ ਪੂਤ ਹਿਤ ਭ੍ਰਾਤਾ*
*ਉਨਿ ਘਰਿ ਘਰਿ ਮੇਲਿਓ ਦੂਆ।*
*ਕਿਸ ਹੀ ਵਾਧਿ ਘਾਟ ਕਿਸ ਹੀ*
*ਪਹਿ ਸਗਲੇ ਲਰਿ ਲਰਿ ਮੂਆ॥*

(ਪੰਨਾ 673)

ਛੇਵੇਂ ਗੁਰੂ ਜੀ ਦੇ ਅਮੀਰੀ ਠਾਠ ਦੇਖ ਕੇ ਸ਼ਾਹਦੌਲਾ (ਗੁਜਰਾਤ-ਸਿੰਧ) ਨੇ ਗੁਰੂ ਜੀ ਨੂੰ ਗੁਰੂ ਬਾਬੇ ਦੀ ਫਕੀਰੀ ਵਿੱਚ ਇਸ ਪਰਿਵਰਤਨ ਦਾ ਕਾਰਣ ਪੁੱਛਿਆ ਸੀ। ਗੁਰੂ ਜੀ ਨੇ ਫੁਰਮਾਇਆ -ਔਰਤ ਈਮਾਨ, ਪੁੱਤਰ ਨੀਸ਼ਾਨ ਤੇ ਦੌਲਤ ਗੁਜਰਾਨ ਤੋਂ ਬਗੈਰ ਸੰਸਾਰ ਵਿੱਚ ਆਤਮ ਸਨਮਾਨ ਨਾਲ ਨਹੀਂ ਰਿਹਾ ਜਾ ਸਕਦਾ।

ਜੇਕਰ ਪੱਲੇ ਸੌਖਾ ਗੁਜਾਰਾ ਹੋਵੇ ਤਾਂ ਵੰਡ ਕੇ ਕੀ ਖਾਵੇਗਾ? ਜੇਕਰ ਪਤਨੀ ਤੇ ਪਰਿਵਾਰ ਨਹੀਂ ਹੋਵੇਗਾ ਤਾਂ ਆਤਮ ਤੁਸ਼ਟੀ ਤੇ ਸਮਾਜ ਅਨੁਸ਼ਾਸ਼ਨ ਦਾ ਨਿਰਬਾਹ ਕਿਵੇਂ ਹੋਵੇਗਾ? ਇਸ ਲਈ ਗੁਰੂ ਜੀ ਨੇ ਉਪਰੋਕਤ ਗੁਰਮਤਿ ਪਰਿਭਾਸ਼ਾ ਦਾ ਪ੍ਰਗਟਾਵਾ ਕੀਤਾ ਸੀ।

ਸਨਾਤਨ ਵਿਚਾਰਧਾਰਾ ਦੀ ਚੌਕੜੀ ਧਰਮ-ਅਰਥ-ਕਾਮ ਤੇ ਮੋਖ ਦੀ ਪ੍ਰਾਪਤੀ ਨੂੰ ਗੁਰੂ ਜੀ ਨੇ ਥਾਂ ਥਾਂ ਤੇ ਗੁਰਬਾਣੀ ਵਿੱਚ ਸਵੀਕਾਰ ਕੀਤਾ ਹੈ ਅਤੇ ਸਮਾਜਿਕ ਪ੍ਰਾਣੀ ਲਈ ਇਨ੍ਹਾਂ ਦੀ ਪ੍ਰਾਪਤੀ ਦੀ ਸਫਲਤਾ ਦੇ ਮਾਰਗ ਨਿਰਦੇਸ਼ ਦੱਸੇ ਹਨ :

*ਧਰਮ ਅਰਥ ਅਰੁ ਕਾਮ ਮੋਖ ਮੁਕਤਿ ਪਦਾਰਥ ਨਾਥ॥*
*ਸਗਲ ਮਨੋਰਥ ਪੂਰਿਆ ਨਾਨਕ ਲਿਖਿਆ ਮਾਥ॥*

(ਪੰਨਾ 816)

*ਚਾਰ ਪਦਾਰਥ ਜੋ ਕੋ ਮਾਗੈ॥*
*ਸਾਧ ਜਨਾ ਕੀ ਸੇਵਾ ਲਾਗੈ॥*

(ਪੰਨਾ 266)

ਜੀਵਨ ਵਿੱਚ ਜ਼ਰੂਰਤ ਨਾਲੋਂ ਥੋੜਾ ਧਨ ਚਿੰਤਾ ਦਾ ਕਾਰਨ ਹੁੰਦਾ ਹੈ ਅਤੇ ਬੇਲੋੜਾ ਧਨ ਗੁਮਾਨ ਕਰਾਂਦਾ ਹੈ:

*ਜਿਸ ਗ੍ਰਿਹਿ ਬਹੁਤ ਤਿਸੈ ਗ੍ਰਿਹ ਚਿੰਤਾ॥*
*ਜਿਸ ਗ੍ਰਿਹਿ ਥੋਰੀ ਸੋ ਫਿਰੈ ਭ੍ਰਮੰਤਾ॥*
*ਦੁਹੂ ਅਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ॥*

(ਪੰਨਾ 1019)

ਸਮਾਜ ਵਿੱਚ ਅਜੇਹੀਆਂ ਘਟਨਾਵਾਂ ਰੋਜ਼ ਹੋ ਰਹੀਆਂ ਹਨ ਜਿਨ੍ਹਾਂ ਤੇ ਪਰਿਣਾਮ ਵਿੱਚੋਂ ਸਪਸ਼ਟ ਹੋ ਜਾਂਦਾ ਹੈ -"*ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗ ਲਾਇ*" (ਪੰਨਾ 417) ਅਜਿਹੀਆਂ ਦੁਰਘਟਨਾਵਾਂ ਤੋਂ ਬਚਣ ਲਈ ਅਤੇ ਨਿਆਂਸ਼ੀਲ, ਸਦਾਚਾਰੀ ਤੇ ਸੰਤੁਲਿਤ ਸਮਾਜ ਦੇ ਨਿਰਮਾਣ ਲਈ ਧਰਮ ਰੂਪੀ ਨਿਯਮ ਅਨੁਸ਼ਾਸਨ ਦੀ ਜੁਗਤ ਨਾਲ ਜੀਵਨ ਨਿਰਬਾਹ ਦੀ ਪ੍ਰੇਰਣਾ ਗੁਰਬਾਣੀ ਦਿੰਦੀ ਹੈ। ਗੁਰਬਾਣੀ ਦੀ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਨਾਲ ਹੀ -"*ਲੋਕ ਸੁਖੀਏ ਪਰਲੋਕ ਸੁਹੇਲੇ*" ਦਾ ਸਿੱਧਾਂਤ ਸਫਲ ਹੁੰਦਾ ਹੈ। ਧਰਮ ਆਧਾਰਤ ਜੀਵਨ ਵਿੱਚ ਉਚਿਤ ਤਰੀਕੇ ਨਾਲ ਧਨ ਕਮਾ ਕੇ ਗਰੀਬ ਪਰਿਵਾਰ ਦਾ ਪਾਲਨ ਕਰਦੇ ਹੋਏ ਸਤ ਸੰਗਤ ਕਰਕੇ ਮੁਕਤੀ ਮੁੱਠੀ ਵਿੱਚ ਆ ਜਾਂਦੀ ਹੈ ਤੇ ਸੰਸਾਰ ਵਿੱਚ ਆਉਣ ਦਾ ਮਕਸਦ ਸਫਲ ਹੁੰਦਾ ਹੈ :

*ਨਿਤ ਨਿਤ ਜਾਗਰਣੁ ਕਰਹੁ*
*ਸਦਾ ਸਦਾ ਆਨੰਦ ਜਪਿ ਜਗਦੀਸੋਗ॥*
*ਮਨ ਇਛੇ ਫਲ ਪਾਵਹੁ ਸਭੈ ਫਲ ਪਾਵਹੁ*
*ਧਰਮ ਅਰਥ ਕਾਮ ਮੋਖੁ॥*
*ਜਨ ਨਾਨਕੁ ਹਰਿ ਸਿਉ ਮਿਲੇ ਹਰਿ ਭਗਤ ਭੋਗ॥*

(ਪੰਨਾ 1207)

## ਸੂਚਨਾ

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ Telephone No., Fax No. ਤੇ E-Mail Address ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਸੰਪਰਕ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।
3. ਜੇ ਤੁਹਾਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ।

# ਗੁਰਮਤਿ ਸੰਗੀਤ ਸੰਬੰਧੀ ਪ੍ਰਸ਼ਨਾਂ ਦੇ ਉੱਤਰ

**ਪ੍ਰਸ਼ਨ :** ਗੁਰਬਾਣੀ 31 ਰਾਗਾਂ ਵਿੱਚ ਰਚੀ ਗਈ ਹੈ ਜਾਂ 62 ਰਾਗਾਂ ਵਿੱਚ ਸਪਸ਼ਟ ਕਰਨਾ ਜੀ।

- *ਗਿਆਨ ਸਿੰਘ*, 525-ਏ, ਨੇੜੇ ਪਾਪੂਲਰ ਸਾਈਕਲ ਸਟੋਰ, ਖਰੜ, ਜਿਲ੍ਹਾ: ਰੋਪੜ।

**ਉੱਤਰ :** ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਨੂੰ 31 ਰਾਗਾਂ ਵਿੱਚ ਵੰਡਕੇ ਅੰਕਿਤ ਕੀਤਾ ਗਿਆ ਹੈ ਅਤੇ ਇਹਨਾਂ 31 ਰਾਗਾਂ ਦੇ ਅਧੀਨ 31 ਹੋਰ ਰਾਗ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਗੁਰ ਸ਼ਬਦ ਕੀਰਤਨ ਲਈ ਇਹਨਾਂ ਦੀ ਕੁੱਲ ਗਿਣਤੀ 62 (31 ਮੁੱਖ ਰਾਗ + 31 ਅਧੀਨ ਰਾਗ ਜਾਂ ਮਿਸ਼ਰਤ ਰਾਗ) ਹੋ ਜਾਂਦੀ ਹੈ। ਇਹਨਾਂ ਰਾਗਾਂ ਦਾ ਵੇਰਵਾ ਇਸ ਪ੍ਰਕਾਰ ਹੈ।

**ਤਤਕਰੇ ਅਨੁਸਾਰ 31 ਰਾਗ** (ਨਾਮ ਤੇ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ) :

1. ਸਿਰੀ (੧੪) 2. ਮਾਝ (੯੪) 3. ਗਾਉੜੀ (੧੫੧) 4. ਆਸਾ (੩੪੭)
5. ਗੂਜਰੀ (੪੮੯) 6. ਦੇਵਗੰਧਾਰੀ (੫੨੭) 7. ਬਿਹਾਗੜਾ (੫੩੭) 8. ਵਡਹੰਸ (੫੫੭)
9. ਸੋਰਠਿ (੫੯੫) 10. ਧਨਾਸਰੀ (੬੬੦) 11. ਜੈਤਸਰੀ (੬੯੬) 12. ਟੋਡੀ (੭੧੧)
13. ਬੈਰਾੜੀ (੭੧੯) 14. ਤਿਲੰਗ (੭੨੧) 15. ਸੂਹੀ (੭੨੮) 16. ਬਿਲਾਵਲ (੭੯੫)
17. ਗੋਂਡ (੮੫੯) 18. ਰਾਮਕਲੀ (੮੭੬) 19. ਨਟ ਨਾਰਾਇਣ (੯੭੫) 20. ਮਾਲੀਗੌੜਾ (੯੮੪)
21. ਮਾਰੂ (੯੮੯) 22. ਤੁਖਾਰੀ (੧੧੦੭) 23. ਕੇਦਾਰਾ (੧੧੧੮) 24. ਭੈਰਉ (੧੧੨੫)
25. ਬਸੰਤ (੧੧੬੮) 26. ਸਾਰੰਗ (੧੧੯੭) 27. ਮਲ੍ਹਾਰ (੧੨੫੪) 28. ਕਾਨੜਾ (੧੨੯੪)
29. ਕਲਿਆਣ (੧੩੧੯) 30. ਪ੍ਰਭਾਤੀ (੧੩੨੭) 31. ਜੈਜਾਵੰਤੀ (੧੩੫੨)।

**ਤਤਕਰੇ ਦੀ 31 ਰਾਗਾਂ ਅਧੀਨ 31 ਹੋਰ ਰਾਗ** (ਨਾਮ ਤੇ ਪੰਨਾ ਸ੍ਰੀ ਗੁਰੂ ਗ੍ਰੰਥ ਸਾਹਿਬ) :

32. ਗਉੜੀ ਗੁਆਰੇਰੀ (੧੬੪) 33. ਗਉੜੀ ਦੱਖਣੀ (੧੫੨) 34. ਗਉੜੀ ਚੇਤੀ (੧੫੬)
35. ਗਉੜੀ ਬੈਰਾਗਣਿ (੧੫੬) 36. ਗਉੜੀ ਦੀਪਕੀ (੧੨) 37. ਗਉੜੀ ਪੂਰਬੀ ਦੀਪਕੀ (੧੫੭)
38. ਗਉੜੀ ਪੂਰਬੀ (੨੦੪) 39. ਗਉੜੀ ਮਾਝ (੨੧੮) 40. ਗਉੜੀ ਮਾਲਾ (੨੧੪)
41. ਗਉੜੀ ਮਾਲਵਾ (੨੧੪) 42. ਗਉੜੀ ਸੋਰਠਿ (੩੩੦) 43. ਆਸਾ ਕਾਫੀ (੩੯੬)
44. ਆਸਾਵਰੀ ਸੁਧੰਗ (੩੬੯) 45. ਆਸਵਰੀ (੩੬੯) 46. ਦੇਵਗੰਧਾਰ (੫੩੧)
47. ਵੰਡਹੰਸ ਦੱਖਣੀ (੫੮੦) 48. ਤਿਲੰਗ ਕਾਫੀ (੭੨੬) 49. ਸੂਹੀ ਕਾਫੀ (੭੬੧)
50. ਸੂਹੀ ਲਲਿਤ (੭੯੩) 51. ਬਿਲਾਵਲ ਦੱਖਣੀ (੮੪੩) 52. ਬਿਲਾਵਲ ਗੋਂਡ (੮੭੪)
53. ਬਿਲਾਵਲ ਮੰਗਲ (੮੪੪) 54. ਰਾਮਕਲੀ ਦੱਖਣੀ (੯੨੯-੯੩੦) 55. ਨਟ (੯੮੦)
56. ਮਾਰੂ ਕਾਫੀ (੧੦੧੪-੧੫) 57. ਮਾਰੂ ਦੱਖਣੀ (੧੦੩੩) 58. ਬਸੰਤ ਹਿੰਡੋਲ (੧੧੭੧)
59. ਕਲਿਆਣ ਭੋਪਾਲੀ (੧੩੨੧) 60. ਪ੍ਰਭਾਤੀ ਬਿਭਾਸ (੧੩੩੭) 61. ਬਿਭਾਸ ਪ੍ਰਭਾਤੀ (੧੩੪੯)
62. ਪ੍ਰਭਾਤੀ ਦੱਖਣੀ (੧੩੪੩-੧੩੪੪)।

- *ਡਾ. ਗੁਰਨਾਮ ਸਿੰਘ*, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਫੋਨ ਨੰ: 0175-280014 (ਘਰ)

# ਅਨੰਦੁ ਗੁਰੂ ਤੇ ਜਾਣਿਆ

ਰਮੇਸ਼ ਸਿੰਘ

C-131, Sonari West, Jamshedpur - 831 001

"I cannot imagine that He can be SO GREAT as to allow me to speak SO FREELY about Him" [ਮੈਂ ਸਦਕੇ ਜਾਂਦਾ ਹਾਂ ਪ੍ਰਭੂ ਦੀ ਵਡਿਆਈ ਤੋਂ ਜੋ ਮੈਨੂੰ ਆਪਣੇ (ਪ੍ਰਭੂ) ਬਾਰੇ ਇਤਨਾ ਖੁਲ ਕੇ ਬੋਲਣ ਦੀ ਇਜ਼ਾਜਤ ਦੇਂਦਾਂ ਹੈ।] ਬਿਲਕੁਲ ਇਹੋ ਭਾਵਨਾ ਭਗਤ ਰਵਿਦਾਸ ਜੀ ਨੇ ਇਸ ਤਰ੍ਹਾਂ ਪਰਗਟ ਕੀਤੀ ਸੀ-

*ਜੋਗੀਸਰ ਪਾਵਹਿ ਨਹੀ, ਤੁਅ ਗੁਣ ਕਥਨ ਅਪਾਰ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥*

(ਪੰਨਾ 346)

ਵੀਰ ਜੀ, ਮੇਰੀ request ਤੇ ਸਤਿਸੰਗ ਬਾਰੇ ਦੱਸਦਿਆਂ ਕਹਿਣ ਲੱਗੇ- "ਇਸ ਵਾਰ ਦਿੱਲੀ, ਜਲੰਧਰ, ਹੁਸ਼ਿਆਰਪੁਰ (ਪਿੰਡ ਮਸੀਤਪਲਕੋਟ ਤੇ ਦਾਰਾਪੁਰ), ਅੰਮ੍ਰਿਤਸਰ, ਦਿੱਲੀ ਵਿਖੇ ਜੋ ਰੰਗ ਮਾਣਿਆ, ਉਸ ਅੰਦਰ ਅਨੰਦ ਦੇ ਇਹ ਬੋਲ 'ਅਨਦ ਬਿਨੋਦੀ ਖਸਮ ਹਮਾਰਾ' ਦੇ ਇੱਕ ਅਨਦ ਬਿਨੋਦੀ ਲਾਡਲੇ ਕੋਲੋਂ ਸੁਣੇ ਸਨ।" ਮੈਂ ਕਿਹਾ- "ਵੀਰ ਜੀ, ਸਤਿਸੰਗ ਦੀਆਂ ਬਾਤਾਂ ਖੋਲ ਕੇ ਸੁਣਾਓ।" ਉਹਨਾਂ ਜੋ ਦੱਸਿਆ ਉਨ੍ਹਾਂ ਦੀ ਜਬਾਨੀ ਹਾਜ਼ਿਰ ਹੈ।

1. **ਡਿਠੇ ਸਭੇ ਥਾਵ, ਨਹੀ ਤੁਧੁ ਜੇਹਿਆ** (ਪੰਨਾ 1326) : ਹਰਿਮੰਦਰ ਸਾਹਿਬ ਦੀ ਸ਼ੋਭਾ ਸਚਮੁਚ ਨਿਰਾਲੀ ਹੈ, ਇਸਦਾ ਕੋਈ ਸਾਨੀ ਨਹੀਂ। ਗੁਰੂ ਅਰਜਨ ਦੇਵ ਜੀ ਨੇ ਜਿਸ ਸਰਬਸਾਂਝੀ ਭਾਵਨਾ ਨਾਲ, ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਵੇਲੇ ਸਾਂਈ ਮੀਆਂ ਮੀਰ ਨੂੰ ਚੁਣਿਆ; ਆਦਿ ਗ੍ਰੰਥ ਵਿੱਚ ਹਿੰਦੁਸਤਾਨ ਦੇ ਵੱਖ-ਵੱਖ ਪ੍ਰਾਂਤਾਂ, ਵੱਖ-ਵੱਖ ਬੋਲੀਆਂ, ਵੱਖ-ਵੱਖ ਜਾਤਾਂ, ਤੇ ਵੱਖ-ਵੱਖ ਧਰਮਾਂ (ਜਿਨ੍ਹਾਂ ਵਿੱਚ ਅਖੌਤੀ ਨੀਚ ਜਾਤ ਵਾਲੇ ਵੀ ਸ਼ਾਮਲ ਸਨ) ਦੇ ਭਗਤਾਂ ਦੀ ਬਾਣੀ ਸ਼ਾਮਲ ਕਰ ਕੇ, ਹਰਿਮੰਦਰ ਸਾਹਿਬ ਵਿੱਚ ਪ੍ਰਕਾਸ਼ ਕੀਤਾ -ਤੇ ਕਾਲਾਂਤਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਨੂੰ ਸਦੀਵੀ ਗੁਰਆਈ ਬਖਸ਼ ਕੇ ਸਾਨੂੰ ਸ਼ਬਦ ਗੁਰੂ ਨਾਲ ਜੋੜ ਦਿੱਤਾ, ਉਸ ਹਰਿਮੰਦਰ ਸਾਹਿਬ ਅੰਦਰ ਅੱਜ ਵੀ ਸਿੱਖੀ ਦੀ ਇਹ ਨਿਰਾਲੀ ਸ਼ਾਨ -total universality, ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ -ਚਮਕਦੀ ਹੈ। ਅਸੀਂ ਇੱਕ ਦਿਨ ਜਦੋਂ 3:45 am ਦੇ ਦਰਬਾਰ ਸਾਹਿਬ ਜਾ ਰਹੇ ਸਾਂ ਤਾਂ ਸਾਨੂੰ ਗੁਰੂ ਰਾਮਦਾਸ ਸਰਾਇ ਕੋਲ ਇੱਕ ਔਰਤ ਮਿਲੀ ਜੋ ਦੂਰ ਬਿਹਾਰ ਦੇ ਸਿਵਾਨ ਸ਼ਹਿਰ ਚੋਂ ਆਈ ਸੀ। ਹੈਰਾਨ ਸਾਂ ਅਸੀਂ ਸਾਰੇ 6-7 ਸਤਿਸੰਗੀ ਕਿ ਇਕੱਲੀ ਔਰਤ ਪੁਛਣ ਲੱਗੀ ਬਗੈਰ ਕਿਸੇ ਝਿਝਕ ਦੇ, "ਝਾਕੀ" (ਗੁਰੂ ਗ੍ਰੰਥ ਸਾਹਿਬ ਦੀ ਸ਼ਾਹੀ ਸਵਾਰੀ ਅਕਾਲ ਤਖਤ ਤੋਂ ਦਰਬਾਰ ਸਾਹਿਬ ਤੀਕਰ) ਦੇਖਨਾ ਚਾਹਤੀ ਹੂੰ, ਮੁਝੇ ਬਤਾਈਏ ਕਿਧਰ ਜਾਊਂ। ਉਸਦੀ ਸ਼ਰਧਾ ਤੇ ਪਿਆਰ ਵੇਖ ਕੇ ਵਾਰ-ਵਾਰ ਗੁਰੂ ਦੀ ਮਹਿਮਾ ਅੱਗੇ ਸੀਸ ਝੁਕ ਰਿਹਾ ਸੀ। ਇਸੇ ਤਰ੍ਹਾਂ ਹੋਰ ਕਈ ਯਾਤਰੂ -ਬੰਗਾਲ, ਆਧਰਾਂ ਪ੍ਰਦੇਸ਼, ਹਿਮਾਚਲ, ਯੂ ਪੀ, ਤਾਮਿਲਨਾਡੂ ਦੇ ਤੇ ਕਈ ਵਿਦੇਸ਼ੀ- ਪਰਿਕਰਮਾ ਵਿੱਚ ਵੇਖੇ ਜਾ ਸਕਦੇ ਹਨ। ਕਿਸੇ ਲਈ ਕੋਈ ਰੋਕ-ਟੋਕ ਨਹੀਂ ਕਿ ਕਿਸੇ ਖਾਸ ਕਿਸਮ ਦੇ ਕੱਪੜੇ ਪਾ ਕੇ ਆਉ, ਕਿਸੇ ਖਾਸ ਸਮੇਂ ਤੇ ਆਉ, ਯਾ ਕਿਸੇ ਜਾਤ-ਫਿਰਕੇ ਵਾਲੇ ਨੂੰ ਆਉਣ ਨਹੀਂ ਦਿੱਤਾ ਜਾਏਗਾ, ਯਾ ਜੇ ਕੋਈ ਵੱਡੀ position ਤੇ ਹੈ, ਅਥਵਾ ਵਧ ਪੈਸੇ ਦੇ ਸਕਦਾ ਹੈ ਤਾਂ ਉਸ ਲਈ ਦਰਸ਼ਨਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ, ਇਤਆਦਿ। ਇੱਥੇ ਤਾਂ ਪ੍ਰਧਾਨ ਮੰਤਰੀ ਆਵੇ ਯਾ ਆਵੇ ਭਿਖਾਰੀ, ਸਾਰਿਆਂ ਨੂੰ ਇੱਕ ਸਮਾਨ ਗਲਵਕੜੀ ਵਿੱਚ ਲੈਣ ਨੂੰ ਇਹ ਦਰ ਖੁੱਲ੍ਹਾ ਹੈ, ਸਭ ਨੂੰ ਇੱਕੋ ਤਰ੍ਹਾ ਦਾ ਪਿਆਰ ਤੇ ਪ੍ਰਸ਼ਾਦ ਮਿਲਦਾ ਹੈ-

*"ਕਬੀਰ ਕੌ ਠਾਕੁਰ ਅਨਦ ਬਿਨੋਦੀ,*
*ਜਾਤਿ ਨ ਕਾਹੂ ਕੀ ਮਾਨੀ"*

(ਪੰਨਾ 1105)

ਦੀ ਪਰਤੱਖ ਮਿਸਾਲ ਇੱਥੇ ਵੇਖਣ ਵਿੱਚ ਆਉਂਦੀ ਹੈ।

2. **ਗੁਰੂ ਗ੍ਰੰਥ ਸਾਹਿਬ ਦੀ universality ਦਾ ਕਮਾਲ** : ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਬਖਸ਼ੀ, ਦੇ ਸਰਬ ਸਾਂਝੇਪਨ ਦਾ ਇਹ ਕਮਾਲ ਹੈ ਕਿ, ਹਾਲਾਂਕਿ ਸਿੱਖ ਇੱਕ ਅਕਾਲ ਪੁਰਖ ਦਾ ਪੁਜਾਰੀ ਹੈ, ਖਾਲਸਾ ਹੋਣ ਕਰਕੇ ਸਭ ਤੋਂ ਨਿਆਰਾ ਹੈ, ਪਰ ਇਸ ਨਿਆਰੇਪਨ ਦਾ ਨਤੀਜਾ ਹੈ ਕਿ :

- ਸਿੱਖ ਲਈ ਸਾਰੇ ਪੂਜਾ ਅਸਥਾਨ ਸਤਿਕਾਰਯੋਗ ਹਨ (ਦੇਹਰਾ ਮਸੀਤ ਸੋਈ)
- ਸਿੱਖ ਲਈ ਸਾਰੇ ਪੂਜਾ ਤਰੀਕੇ (methods of prayer) ਸਤਿਕਾਰਯੋਗ ਹਨ (ਪੂਜਾ ਔ ਨਿਵਾਜ ਓਈ)
- ਸਿੱਖ ਲਈ ਸਾਰੇ ਧਰਮਾਂ ਦੇ ਸੰਤ, ਮਹਾਂਪੁਰਸ਼,

ਅਵਤਾਰ, ਪੀਰ, ਗੁਰੂ ਸਤਿਕਾਰਯੋਗ ਹਨ-

*ਕਬੀਰ ਪ੍ਰੂੰਗਰਾ ਰਾਮ ਅਲਹ ਕਾ*
*ਸਭ ਗੁਰ ਪੀਰ ਹਮਾਰੇ*

(ਪੰਨਾ 1349)

ਇਹ universal outlook ਸਿੱਖ ਨੂੰ ਇਹ ਅਵਸਰ ਪ੍ਰਦਾਨ ਕਰਦੀ ਹੈ ਕਿ ਉਹ ਸਾਰੇ ਧਰਮਾਂ ਦੇ ਲੋਕਾਂ ਨਾਲ ਉਨ੍ਹਾਂ ਦੇ ਪੈਰੋਕਾਰਾਂ ਦੇ ਜਨਮ ਦਿਨਾਂ ਤੇ ਆਪਣਾ ਨਿਆਰਾਪਨ :

*ਏਕ ਪਿਤਾ, ਏਕਸ ਕੇ ਹਮ ਬਾਰਿਕ*

(ਪੰਨਾ 611)

ਹੋਣ ਕਰਕੇ, ਸਾਰੀ ਦੁਨੀਆਂ ਨੂੰ ਇੱਕ ਤੋਂ ਪ੍ਰਾਪਤ ਪਿਆਰ ਦੇ ਕਲਾਵੇ ਵਿੱਚ ਲੈਣ ਦੀ ਗੁਰੂ ਦੁਆਰਾ ਪ੍ਰਦਾਨ ਬਖਸ਼ਿਸ਼ ਵਿਖਾ ਕੇ ਸਭ ਦਾ ਸਾਂਝੀਵਾਲ ਤੇ ਭਾਈਵਾਲ ਬਣ ਸਕਦਾ ਹੈ। ਅਸਾਂ ਵੇਖਿਆ ਕਿ ਭਗਵਾਨ ਕ੍ਰਿਸ਼ਨ ਦੇ ਜਨਮ ਤੇ ਇੱਕ ਗੁਰੂ ਪਿਆਰੇ ਨੇ ਭਾਈ ਗੁਰਦਾਸ ਦੇ ਸ਼ਬਦਾਂ-

*ਦੂਰਹੁ ਦੇਖਿ ਡੰਡਉਤ ਕਰਿ*
*ਛਡਿ ਸਿੰਘਾਸਣ ਹਰਿ ਜੀ ਆਏ*

(ਵਾਰ 10, ਪਉੜੀ 9)

*ਅੰਦਰਿ ਸਭਾ ਦੁਸਾਸਣੇ ਮਥੇ ਵਾਲ ਦ੍ਰੋਪਦੀ ਆਂਦੀ*

(ਵਾਰ 10 ਪਉੜੀ 8)

ਕਬੀਰ ਜੀ ਦੇ ਸ਼ਬਦ-

*ਰਾਜਨ ਕਉਨੁ ਤੁਮਾਰੈ ਆਵੈ॥*
*ਐਸੋ ਭਾਉ ਬਿਦਰ ਕੋ ਦੇਖਿਓ,*
*ਓਹੁ ਗਰੀਬੁ ਮੋਹਿ ਭਾਵੈ*

(ਪੰਨਾ 1105)

ਤੇ ਨਾਮਦੇਵ ਜੀ ਦੀ ਸ਼ਬਦ-

*ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ*

(ਪੰਨਾ 727)

ਰਾਹੀਂ ਸਿੱਖੀ ਦਾ ਇਹ ਨਿਆਰਾ aspect project ਕਰ ਕੇ ਗੁਰੂ ਦਾ ਪਿਆਰ ਮਾਣਿਆ ਤੇ ਵੰਡਿਆ।

ਇੱਕ ਹੋਰ ਪਿਆਰੀ ਗੱਲ ਬਾਬਾ ਨੰਦ ਸਿੰਘ ਹੁਰਾਂ ਦੀ ਸੁਨਣ ਵਿੱਚ ਆਈ ਕਿ ਇੱਕ ਵਾਰ ਹਜ਼ਰਤ ਮੁਹੰਮਦ ਸਾਹਿਬ ਉਨ੍ਹਾਂ ਦੇ ਸੁਪਨੇ ਵਿੱਚ ਆਏ ਤੇ ਕਹਿਣ ਲੱਗੇ, ਭਾਈ ਕੀਰਤਨ ਸੁਨਣ ਦਾ ਬੜਾ ਜੀਅ ਕਰਦਾ ਹੈ, ਪ੍ਰਬੰਧ ਕਰੋ। ਕਹਿੰਦੇ ਹਨ, ਬਾਬਾ ਜੀ ਨੇ ਉਸੇ ਵੇਲੇ ਕੀਰਤਨੀ ਸਿੰਘਾਂ ਨੂੰ ਬੁਲਾ ਕੇ ਕੀਰਤਨ ਦਰਬਾਰ ਲਗਾਇਆ ਤੇ ਹਜ਼ਰਤ ਮੁਹੰਮਦ ਸਾਹਿਬ ਦੀ ਖਹਾਇਸ਼ ਪੂਰੀ ਕੀਤੀ।

3. **ਸਿੱਖੀ syllabus** : ਸਤਿਸੰਗ ਵਿੱਚ ਇੱਕ ਵਾਰ ਦੱਸਿਆ ਗਇਆ, ਵੀਰ ਜੀ ਕਹਿਣ ਲੱਗੇ, ਕਿ ਇੱਕ ਪੁਰਾਤਨ ਸੰਤ-ਮਹਾਂਪੁਰਸ਼ ਕਿਹਾ ਕਰਦੇ ਸਨ ਕਿ ਗੁਰੂ ਤੇਗਬਹਾਦਰ ਜੀ ਦਾ ਸ਼ਬਦ-

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ*

(ਪੰਨਾ 633)

ਸਿੱਖੀ ਦਾ syllabus ਹੈ, ਤੇ ਸਿੱਖ-ਖਾਲਸਾ ਬਨਣ ਦਾ ਹਰ ਚਾਹਵਾਨ ਇਸ syllabus ਤੇ ਆਪਣਾ ਜੀਵਨ ਪਰਖ ਕੇ ਵੇਖ ਸਕਦਾ ਹੈ ਕਿ ਉਹ ਕਿੱਥੇ ਪਹੁੰਚਾ ਹੈ। ਇਸ ਸ਼ਬਦ (syllabus) ਦੇ ਕੁਝ ਖਾਸ ਨੁਕਤੇ ਜਿਨ੍ਹਾਂ ਤੇ ਜ਼ੋਰ ਦਿੱਤਾ ਗਇਆ, ਇਸ ਪ੍ਰਕਾਰ ਹਨ :

* ਜੇ ਕਿਸੇ ਨੂੰ ਸੁਖ ਨਾਲ ਪਿਆਰ ਹੈ ਤਾਂ ਦੁਖ ਉਸਨੂੰ ਜ਼ਰੂਰ ਦੁਖੀ ਕਰੇਗਾ।
* ਜੇ ਕੋਈ ਸੋਨੇ ਨੂੰ ਮਿੱਟੀ ਤੋਂ ਵੱਧ ਅਹਿਮਅਤ ਦੇਂਦਾ ਹੈ ਤਾਂ ਉਹ ਧਰਮ ਮਾਰਗ ਤੇ ਤਰੱਕੀ ਨਹੀਂ ਕਰ ਸਕਦਾ।
* ਜੇ ਕਿਸੇ ਨੂੰ ਕੋਈ ਭੈ ਖਾਂਦਾ ਹੈ ਤਾਂ ਇਸਦਾ ਅਰਥ ਹੈ ਕਿ ਉਹ ਨਿਰਭਉ ਪ੍ਰਭੂ ਨਾਲ ਅਜੇ ਨਹੀਂ ਜੁੜਿਆ।
* ਜੇ ਵਾਹ-ਵਾਹ ਚੰਗੀ ਲਗਦੀ ਹੈ, ਤਾਂ ਨਿੰਦਾ ਜ਼ਰੂਰ ਮਾੜੀ ਲੱਗੇਗੀ, ਮਨ ਖਰਾਬ ਹੋਵੇਗਾ।
* ਜੇ ਕਿਸੇ ਕਾਰਣ ਹਰਖ ਹੋਇਆ ਹੈ ਤਾਂ ਉਸ ਕਾਰਣ ਦੇ ਮਿਟਦਿਆਂ ਸੋਗ ਜ਼ਰੂਰ ਹੋਵੇਗਾ। ਦੂਜੇ ਲਫਜ਼ਾਂ ਵਿੱਚ, ਜੇ ਮੁੰਡਾ ਜੰਮਣ ਤੇ ਭੰਗੜਾ ਪਾਇਆ ਹੈ ਤਾਂ ਮੁੰਡਾ ਮਰਨ ਤੇ ਕੀਰਨੇ ਜ਼ਰੂਰ ਪਾਵਾਂਗੇ।
* ਜੇ ਕਿਸੇ ਗੱਲ ਦਾ ਮਾਣ ਕਰਦੇ ਹਾਂ (ਇਹ ਭੁਲਾ ਕੇ ਕਿ,

  *ਕਹੁ ਨਾਨਕ ਸਭ ਤੇਰੀ ਵਡਿਆਈ*
  *ਕੋਈ ਨਾਉ ਨ ਜਾਣੈ ਮੇਰਾ*

  (ਪੰਨਾ 383)

  ਤਾਂ ਅਪਮਾਨ ਜ਼ਰੂਰ ਬੁਰਾ ਲੱਗੇਗਾ।
* ਕਾਮ, ਕਰੋਧ, ਲੋਭ, ਮੋਹ ਤੇ ਅਭਿਮਾਨ ਭਾਰੀ ਰੁਕਾਵਟਾਂ ਹਨ ਪਾਂਧੀ ਦੇ ਰਾਹ ਵਿੱਚ।
* ਪ੍ਰਭੂ ਦੇ ਇਲਾਵਾ ਹੋਰ ਕੋਈ ਆਸਾ-ਮਨਸਾ ਨਹੀਂ ਰੱਖਣੀ ਚਾਹੀਦੀ, ਨਿਰ-ਆਸ ਹੋ ਕੇ ਜੀਵਨ ਜੀਣਾ ਹੈ ਸਿੱਖ ਨੇ।

ਜੇ ਗੁਰੂ ਕਿਰਪਾ ਸਦਕਾ ਨਾਮ ਦੀ ਇਹ ਜੀਵਨ ਜਾਚ ਕਿਸੇ ਦਾ ਜੀਵਨ ਬਣ ਜਾਏ ਤਾਂ ਉਸਦੀ ਜ਼ਿੰਦਗੀ ਦਾ ਮਕਸਦ "ਗੋਬਿੰਦ ਮਿਲਨ" ਪੂਰਾ ਹੋ ਸਕਦਾ ਹੈ। ਸਾਖੀ ਹੈ ਕਿ ਇੱਕ ਵਾਰ ਕੋਈ ਬੰਦਾ ਕਿਸੇ ਪਿੰਡ ਇੱਕ ਸ਼ਾਹੂਕਾਰ ਕੋਲੋਂ ਪੈਸੇ ਉਧਾਰ ਲੈਣ ਜਾ ਰਿਹਾ ਸੀ। ਪਿੰਡ ਦੇ ਨੇੜੇ ਪਹੁੰਚਿਆ ਤਾਂ ਵੇਖਿਆ ਕਿ ਦੋ ਸਿੱਖ ਜੋ ਇੱਕ ਖੇਤ ਵਿੱਚ ਹਲ ਵਾਹ ਰਹੇ ਸਨ, ਉਨ੍ਹਾਂ 'ਚੋਂ ਇੱਕ ਦੀ ਅਚਾਨਕ ਮੌਤ ਹੋ ਗਈ, ਉਹ ਢਹਿ ਪਇਆ, ਦੂਜੇ ਨੇ ਉਸਦੀ ਲਾਸ਼ ਕਿਨਾਰੇ ਰੱਖ ਕੇ, ਹਲ ਵਾਉਣ ਦਾ ਕੰਮ ਜਾਰੀ ਰੱਖਿਆ। ਯਾਤਰੂ ਹੈਰਾਨ ਕਿ ਗੱਲ ਕੀ ਬਣੀ। ਨੇੜੇ ਆਇਆ, ਪੁੱਛਿਆ ਦੱਸਿਆ ਗਇਆ, ਕਿ ਮਰਨ ਵਾਲਾ ਪੁਤ੍ ਸੀ। ਹੈਰਾਨੀ ਹੋਰ ਵਧ ਗਈ ਜਦੋਂ ਕਿਸਾਨ ਨੇ ਯਾਤਰੂ ਨੂੰ ਕਿਹਾ ਜੇਕਰ ਆਪ ਸਾਡੇ ਪਿੰਡ ਹੀ ਜਾ ਰਹੇ ਹੋ ਤਾਂ ਫਲਾਨੀ ਗਲੀ ਵਿੱਚ ਸਾਡੇ ਘਰ ਜਾ ਕੇ ਮੇਰੀ ਪਤਨੀ ਨੂੰ ਸੁਨੇਹਾ ਦੇਣਾ ਕਿ ਅੱਜ ਰੋਟੀ ਦੋ ਬੰਦਿਆਂ ਦੀ ਨਹੀਂ ਇੱਕ ਦੀ ਲਿਆਉਣੀ ਹੈ। ਯਾਤਰੂ ਦੀ ਹੈਰਾਨਗੀ ਦੀ ਕੋਈ ਸੀਮਾ ਨਾ ਰਹੀ, ਜਦੋਂ ਉਸ ਇਹ ਖਬਰ ਮੁੰਡੇ ਦੀ ਮਾਂ ਨੂੰ ਸੁਣਾਈ ਤਾਂ ਉਸ ਬਿਲਕੁਲ ਸਹਿਜ ਅੰਦਾਜ਼ ਵਿੱਚ ਕਿਹਾ- "ਧੰਨਵਾਦ ਵੀਰ ਜੀ, ਆਪਨੇ ਸੁਨੇਹਾ ਦਿੱਤਾ, ਮੈਂ ਹੁਣ ਕੇਵਲ ਆਪਣੇ ਪਤੀ ਲਈ ਹੀ ਰੋਟੀ ਲੈ ਕੇ ਜਾਵਾਂਗੀ।" ਯਾਤਰੂ ਨੇ ਜਿਸ ਸ਼ਾਹੂਕਾਰ ਕੋਲ ਜਾਣਾ ਸੀ ਪੈਸੇ ਉਧਾਰ ਲੈਣ, ਉਸਨੂੰ ਜਾ ਕੇ ਸਾਰੀ ਗੱਲ ਦੱਸੀ ਤੇ ਕਿਹਾ- "ਇਸ ਪਿੰਡ ਦੇ ਲੋਕ ਇਸ ਧਰਤੀ ਦੇ ਬੰਦੇ ਨਹੀਂ ਲਗਦੇ।" ਸ਼ਾਹੂਕਾਰ ਕਹਿਣ ਲੱਗਾ- "ਉਇ ਮੂਰਖਾ, ਮੈਂ ਤੈਨੂੰ ਉਧਾਰ ਬਿਲਕੁਲ ਨਹੀਂ ਦੇਣਾ ਕਿਉਂਕਿ ਤੂੰ ਪ੍ਰਭੂ ਦੇ ਭਾਣੇ ਨੂੰ ਮੰਨਣ ਵਾਲਿਆਂ ਦੇ ਸੁਭਾਵਿਕ ਵਿਹਾਰ ਤੋਂ ਇਤਨਾ ਹੈਰਾਨ ਹੋ ਰਿਹਾ ਹੈਂ, ਇਸਦਾ ਮਤਲਬ ਹੈ ਤੂੰ ਧਰਮੀ ਬੰਦਾ ਨਹੀਂ, ਇਸ ਲਈ ਮੈਂ ਤੇਰੇ ਤੇ ਯਕੀਨ ਨਹੀਂ ਕਰ ਸਕਦਾ।"

ਹੈ ਨਾ ਕਮਾਲ ਦੀ ਸਿੱਖਿਆ ਤੇ ਕਮਾਲ ਦੇ ਗੁਰਸਿੱਖ ਜਿਨ੍ਹਾਂ ਸਿੱਖ syllabus ਅੰਗੀਕਾਰ ਕੀਤਾ।

4. **ਨਾਮ ਬਿਨਾ ਨਹੀ ਜੀਵਿਆ ਜਾਇ :** ਮੈਂ ਪੁੱਛਿਆ ਵੀਰ ਜੀ, ਸਤਿਸੰਗ ਵਿੱਚ ਇਸ ਬਾਰੇ ਕੋਈ ਵੀਚਾਰ, ਕੋਈ ਚਰਚਾ, ਕੋਈ ਅਨੁਭਵ ਹੋਇਆ ਹੋਵੇ ਤਾਂ ਦੱਸੋ। ਉਨ੍ਹਾਂ ਕਿਹਾ- "ਇਹ ਤਾਂ ਹਰ ਪਲ ਵੇਖਣ ਨੂੰ ਮਿਲਦਾ ਰਿਹਾ ਕਿ ਨਾਮ ਦੀ absence (ਭਾਵੇਂ ਹੋਰ ਸਭ ਕੁਛ available ਹੈ। ਦੁਨਿਆਵੀ ਸੁੱਖਾਂ ਦੇ ਹਿਸਾਬ ਨਾਲ) ਹੋਵੇ ਤਾਂ ਕੋਈ ਕਦੇ ਵੀ ਸੁਖੀ ਨਹੀਂ ਹੋ ਸਕਦਾ ਅਤੇ ਨਾਮ ਦੀ ਜੀਵਨ ਜਾਚ ਵੱਡੇ ਤੋਂ ਵੱਡੇ ਦੁੱਖ ਵਿੱਚ ਬਦਲ ਸਕਦੀ ਹੈ i-e ਦੁੱਖ ਵਿੱਚ ਸੁਖ ਮਨਾਈ ਹੋ ਨਿਬੜਦਾ ਹੈ। ਕੋਈ ਇਸ ਕਰਕੇ ਦੁਖੀ ਵੇਖਿਆ ਕਿ ਉਸਦਾ ਨਿਕਟਵਰਤੀ, ਬੇਟਾ-ਭਰਾ ਮਰ ਗਿਆ ਹੈ, ਕੋਈ ਇਸ ਕਰਕੇ ਕਿ ਪੁੱਤਰ ਮਾਂ-ਪਿਉ ਦੇ ਆਖੇ ਨਹੀਂ ਲਗਦਾ। ਕੋਈ ਇਸ ਕਰਕੇ ਦੁਖੀ ਹੈ ਕਿ ਸ਼ਰੀਰ ਰੋਗੀ ਹੈ, ਕੋਈ ਇਸ ਕਰਕੇ ਕਿ ਮੈਨੂੰ ਕੋਈ ਪੁੱਛਦਾ ਨਹੀਂ ਕੋਈ ਇਸ ਕਾਰਣ ਕਿ ਮੇਰੇ ਕੋਲ ਪੈਸਾ ਨਹੀਂ, ਕੋਈ ਇਸ ਕਰਕੇ ਕਿ ਮੇਰੀ position ਨਹੀਂ, ਯਾ ਕੋਈ ਇਸ ਕਰਕੇ ਕਿ ਮੇਰੀ ਵਡਿਆਈ ਨਹੀਂ ਹੋ ਰਹੀ। ਕਹਿਣ ਦਾ ਭਾਵ, ਨਾਮ ਤੋਂ ਬਿਨਾ ਜੀਵਨ ਜੀਵਿਆ ਨਹੀਂ ਜਾ ਰਿਹਾ, ਸਾਰੇ ਦੁੱਖੀ ਹਨ। ਦੂਜੇ ਪਾਸੇ, ਇਹ ਵੀ ਵੇਖਿਆ ਕਿ ਜਿਨ੍ਹਾਂ-

*ਮੇਰੈ ਮਨਿ ਤਨਿ ਪ੍ਰੇਮੁ ਨਾਮੁ ਆਧਾਰੁ॥*
*ਨਾਮੁ ਜਪੀ ਨਾਮੋ ਸੁਖ ਸਾਰੁ॥*

(ਪੰਨਾ 366)

ਨੂੰ ਜੀਵਨ ਵਿੱਚ ਅਪਨਾ ਲਿਆ ਹੈ ਉਹ ਦੁੱਖਾਂ ਵਿੱਚ ਘਿਰੇ ਹੋਣ ਦੇ ਬਾਵਜੂਦ ਅਨੰਦ ਮਾਣਦੇ ਹਨ। ਇੱਕ ਪੰਜਾਬੀ ਹਿੰਦੂ ਭੈਣ, ਜੋ ਕੀਰਤਨ (ਗੁਰਬਾਣੀ) ਹੀ ਨਹੀਂ ਕਰਦੇ, ਬਲਕਿ ਕੀਰਤਨ ਨੂੰ ਆਪਨਾ ਜੀਵਨ ਬਣਾ ਲਿਆ ਹੈ, ਉਹਨਾਂ ਦੇ ਦੋ ਭੈਣ-ਭਰਾ handicapped ਹਨ (wheelchair bound), ਤੇ ਮਾਤਾ-ਪਿਤਾ ਵੀ handicapped ਹਨ, and she is the only woriking member in the family, the only earning member and the only praying member, ਸੁ ਕੋਈ ਵਜ੍ਹਾ ਨਹੀਂ ਕਿ ਉਸ ਘਰ ਵਿੱਚ ਸੁਖ ਹੈ, ਉਹਨਾਂ ਦਾ ਘਰ ਗੁਰਦੁਆਰਾ ਬਣ ਗਿਆ ਹੈ ਕਿਉਂਕਿ ਨਾ ਕੇਵਲ ਉੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਵਰਨਾ ਨਾਲ ਹੀ ਸਤਿਸੰਗ ਹੁੰਦਾ ਰਹਿੰਦਾ ਹੈ। ਇਸੇ ਤਰ੍ਹਾਂ ਇੱਕ ਹੋਰ ਉਦਾਹਰਣ ਵੇਖਿਆ ਕਿ Garhwal (UP) ਦਾ ਇੱਕ ਹਿੰਦੂ ਵੀਰ, ਜੋ ਪੈਸੇ ਦੀ ਗਰੀਬੀ ਵਿੱਚ ਵਿਚਰਦਾ ਹੈ- ਕਿਸੇ ਦੀ ਦੁਕਾਨ ਤੇ Shop Asst. ਦਾ ਕੰਮ ਕਰਦਾ ਹੈ ਤੇ ਜਿਸਦੀ ਪਤਨੀ ਪਹਿਲਾਂ maid servant ਦਾ ਕੰਮ ਕਰਦੀ ਸੀ ਪਰ ਗੁਰੂ ਗ੍ਰੰਥ ਸਾਹਿਬ ਦਾ ਪੁਜਾਰੀ ਤੇ ਨਾਮ ਦਾ ਰਸੀਆ ਹੋਣ ਕਰਕੇ (ਪਿਛਲੇ 28 ਸਾਲਾਂ ਤੋਂ ਉਹ regular ਅੰਮ੍ਰਿਤ ਵੇਲਾ ਕਰਦਾ ਹੈ) ਉਸਦੇ ਕਿਰਾਏ ਦੀ ਬਰਸਾਤੀ (ਜਿਸ ਅੰਦਰ ਸਿੱਧਾ ਖੜਾ ਵੀ ਨਹੀਂ ਹੋਇਆ ਜਾ ਸਕਦਾ) ਨੂੰ Five Star Hotel ਦਾ ਦਰਜਾ-

*ਜਿਥੈ ਨਾਮੁ ਜਪੀਐ ਪ੍ਰਭ ਪਿਆਰੇ॥*
*ਸੇ ਅਸਥਲ ਸੋਇਨ ਚਉਬਾਰੇ॥*

(ਪੰਨਾ 105)

ਪ੍ਰਾਪਤ ਹੈ ਤੇ ਉੱਥੇ ਵੱਡੇ-ਵੱਡੇ ਲੋਕ, Chief Justice ਤੇ Governor ਸਤਿਸੰਗ ਲਈ ਆਉਂਦੇ ਹਨ।

ਵੀਰ ਜੀ ਨੇ ਹੋਰ ਦੱਸਿਆ ਕਿ ਇੱਕ ਨਾਮੀ ਸਿੱਖ ਵੇਖਿਆ ਜੋ ਖੁਦ ਨੂੰ ਕੰਗਾਲ, ਨਿਮਾਣਾ, ਨਿਤਾਣਾ ਤੇ ਕੁਝ ਕਰਨ ਜੋਗਾ ਨਹੀਂ ਸਮਝਦਾ ਪਰ ਉਸ ਅੱਗੇ ਸਾਰੀ ਦੁਨੀਆਂ ਝੁਕਦੀ ਵੇਖੀ, ਵੱਡੇ-ਵੱਡੇ ਦੁਨੀਆਦਾਰ ਉਸਦੀ ਸੇਵਾ ਨੂੰ ਤਤਪਰ ਵੇਖੇ, ਉਹ ਗੁਰਬਾਣੀ ਦੀਆਂ ਇਨ੍ਹਾਂ ਤੁਕਾਂ-

*ਐਸਾ ਹਰਿਨਾਮ ਧਿਆਈਐ ਮਨ ਮੇਰੇ,*
*ਜੋ ਸਭਨਾ ਉਪਰਿ ਹੁਕਮ ਚਲਾਏ*

(ਪੰਨਾ 89)

ਅਤੇ

*ਜਿਸ ਨੋ ਬਖਸੇ ਸਿਫਤਿ ਸਾਲਾਹ॥*
*ਨਾਨਕ ਪਾਤਿਸਾਹੀ ਪਾਤਿਸਾਹੁ॥*

(ਜਪੁਜੀ ਸਾਹਿਬ)

ਦੀ ਮਿਸਾਲ ਬਣ ਗਿਆ ਹੈ।

5. **ਹਰਿ ਇਕਸੈ ਨਾਲਿ ਮੈ ਦੋਸਤੀ, ਹਰਿ ਇਕਸੈ ਨਾਲਿ ਮੈ ਰੰਗੁ** (ਪੰਨਾ 958) : ਇੱਕ ਹਰੀ ਦੀ ਗੁਲਾਮੀ, ਇੱਕ ਨਾਲ ਪਿਆਰ, ਇੱਕੋ ਨਾਲ ਸਾਂਝ, ਇੱਕੋ ਨਾਲ ਦੋਸਤੀ, ਇੱਕੋ ਨਾਲ ਮਸਲਤ, ਇੱਕੋ ਨਾਲ ਰਿਸ਼ਤਾ, ਇੱਕੋ ਨਾਲ ਸੰਗ, ਇੱਕੋ ਦੀ ਮੁਹਤਾਜੀ, ਸਿੱਖ ਨੂੰ ਐਸਾ ਬੇਮੁਹਤਾਜ ਕਰ ਦੇਂਦੀ ਕਿ ਉਸਨੂੰ ਕਿਸੇ ਦੀ ਪਰਵਾਹ ਨਹੀਂ ਰਹਿੰਦੀ, ਉਹ ਕਿਸੇ ਤੋਂ ਡਰਦਾ ਨਹੀਂ ਤੇ ਸਚ ਕਹਿਣ ਤੋਂ, ਭਾਵੇਂ ਕਉੜਾ ਕਿਉਂ ਨਾ ਲੱਗੇ, ਪਿੱਛੇ ਨਹੀਂ ਹਟਣਾ। ਵੀਰ ਜੀ ਨੇ ਦੱਸਿਆ ਕਿ ਅੰਮ੍ਰਿਤਸਰ ਪ੍ਰਵਾਸ ਦੌਰਾਨ, ਖੇਮਕਰਨ border ਦੇ ਨਾਲ ਲਗਦੇ ਇੱਕ ਪਿੰਡ ਅਸਲ ਉਤਾੜ (ਜੋ 1965 ਦੀ Indo-Pak War ਵਿੱਚ 8 ਦਿਨ ਪਾਕਿਸਤਾਨ ਦੇ ਕਬਜੇ ਵਿੱਚ ਰਿਹਾ ਸੀ) ਦੇ ਸਕੂਲ ਦੇ function ਤੇ ਜਾਣ ਦਾ ਮੌਕਾ ਮਿਲਿਆ, ਜਿਸ ਵਿੱਚ ਪੰਜਾਬ ਸਰਕਾਰ ਦੇ ਇੱਕ ਮੰਤਰੀ ਵੀ ਹਾਜ਼ਿਰ ਸਨ। ਪ੍ਰਭੂ ਨਾਲ ਯਾਰੀ ਤੇ ਪ੍ਰਭੂ ਦਾ ਸੰਗ ਕਰਨ ਦੇ ਚਾਹਵਾਨ, ਇੱਕ ਕਰਨੀ ਵਾਲੇ ਇੱਕ ਸਿੱਖ ਨੇ ਸਾਡੀ ਮੌਜੂਦਾ ਗਿਰਾਵਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੁਰਸੀ ਦੀ ਭੁੱਖ ਨੇ ਸਾਡੀ ਆਪਣੀ ਸਰਕਾਰ ਨੂੰ ਸਿੱਖੀ ਕਦਰਾਂ-ਕੀਮਤਾਂ ਤੋਂ ਇਸ ਤਰ੍ਹਾਂ ਦੂਰ ਕਰ ਦਿੱਤਾ ਹੈ ਕਿ ਉਹ ਆਪਣੇ ਹੀ ਕੀਤੇ ਵਾਅਦੇ ਭੁੱਲ ਗਈ ਹੈ। ਸਾਢੇ ਤਿੰਨ ਸਾਲ ਹੋ ਗਏ ਸਰਕਾਰ ਬਣੇ ਪਰ ਅਜੇ ਵੀ ਸਾਡੇ ਹਜ਼ਾਰਾਂ ਨੌਜਵਾਨ ਜੇਲ੍ਹਾਂ ਵਿੱਚ ਰੁਲ ਰਹੇ ਹਨ ਅਤੇ ਨਾ ਹੀ ਪੁਲੀਸ ਵਧੀਕੀਆਂ ਦੀ ਕੋਈ ਜਾਂਚ ਹੋ ਰਹੀ ਹੈ। ਸਮਾਗਮ ਤੋਂ ਬਾਅਦ ਪਿੰਡ ਦੇ ਲੋਕਾਂ ਦਾ ਇੱਕ ਵਫਦ ਉਸ ਸਿੱਖ ਨੂੰ ਮਿਲਿਆ ਤੇ ਇਸ ਗੱਲ ਤੇ ਬੇਹੱਦ ਪ੍ਰਸੰਨਤਾ ਪ੍ਰਗਟ ਕੀਤੀ ਕਿ ਅੱਜ ਵੀ ਸੱਚ ਦੀ ਗੱਲ ਕੋਈ ਇਤਨੀ ਨਿਡਰਤਾ ਨਾਲ ਕਹਿ ਸਕਦਾ ਹੈ। ਇੱਕ ਬਜ਼ੁਰਗ ਕਹਿਣ ਲੱਗਾ- "ਉਇ ਯਾਰਾ ਤੂੰ ਸਾਡਾ ਰੋਮ-ਰੋਮ ਖੁਸ਼ ਕੀਤਾ ਈ, ਅਸੀਂ ਤੇਰੇ ਬੜੇ ਧੰਨਵਾਦੀ ਹਾਂ ਕਿ ਤੂੰ ਸਰਕਾਰ ਦੇ ਮੂੰਹ ਤੇ ਸੱਚੀ ਗੱਲ ਕਹਿਣੋਂ ਸੰਕੋਚ ਨਹੀਂ ਕੀਤਾ।" ਸਿੱਖ ਆਪਣੇ ਗੁਰੂ ਦਾ ਸ਼ੁਕਰ-ਸ਼ੁਕਰ ਕਰ ਰਿਹਾ ਸੀ ਤੇ ਵਾਰ-ਵਾਰ ਸਦਕੇ ਜਾ ਰਿਹਾ ਸੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੋਂ ਜਿਸ ਇੱਕ ਗੁਲਾਮੀ ਚੋਂ ਇਹ ਨਿਡਰਤਾ ਨਿਕਲੀ ਸੀ।

6. **ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ** (ਪੰਨਾ 1096) : ਗੁਰੂ ਦੀ ਗੁਲਾਮੀ ਵਜੋਂ ਪ੍ਰਾਪਤ ਪ੍ਰਭੂ ਪਿਆਰ ਸਿੱਖ ਨੂੰ ਪੂਰੀ ਤਰ੍ਹਾਂ ਆਜ਼ਾਦ ਕਰ ਦੇਂਦਾ ਹੈ। ਵੀਰ ਜੀ ਨੇ ਦੱਸਿਆ, ਇੱਕ ਦਿਨ ਕਿਸੇ ਪਿੰਡ ਵਿੱਚ ਬੈਠੇ ਸਾਂ। ਸ਼ਾਮ ਦੇ ਸਤਿਸੰਗ ਇੱਕ ਹਿੰਦੂ ਵੀਰ ਆਏ, ਸਤਿਸੰਗ ਸੁਣਿਆ, ਗੁਰੂ ਦੇ ਇੱਕ ਸਿੱਖ ਦੁਆਰਾ ਗਰੀਬਾਂ-ਅਨਾਥਾਂ-ਕੋਹੜੀਆਂ ਦੀ ਕੀਤੀ ਜਾ ਰਹੀ ਸੇਵਾ ਤੋਂ ਪ੍ਰਭਾਵਿਤ ਹੋ ਕੇ 2000 ਰੁਪਏ ਝਿਝਕਦਿਆਂ (ਪਤਾ ਨਹੀਂ ਲੈਣਗੇ ਯਾ ਨਹੀਂ) ਰੋਗੀਆਂ ਦੀ ਸੇਵਾ ਲਈ ਸੰਸਥਾ ਨੂੰ ਬਖਸ਼ੇ। ਗੁਰੂ ਦੇ ਸਿੱਖ ਨੇ ਅੰਮ੍ਰਿਤ ਵੇਲੇ (4:30 ਵਜੇ) ਆਉਣ ਦੀ ਬੇਨਤੀ ਕੀਤੀ ਤੇ ਕਿਹਾ, ਜੇ ਨਹੀਂ ਆਉਗੇ ਤਾਂ ਅਸਾਂ ਇਹ ਪੈਸੇ ਨਹੀਂ ਰੱਖਣੇ, ਵਾਪਸ ਕਰ ਦਿਆਂਗੇ। ਉਸ ਵੀਰ ਨੇ ਕਿਹਾ, ਮੈਂ ਕਦੇ ਜ਼ਿੰਦਗੀ ਵਿੱਚ 4:30 ਵਜੇ ਨਹੀਂ ਉੱਠਿਆ, ਪਰ ਪੂਰੀ ਕੋਸ਼ਿਸ਼ ਕਰਾਂਗਾ। ਪ੍ਰਭੂ ਦੀ ਐਸੀ ਕਲਾ ਵਰਤੀ ਕਿ ਉਹ ਹਿੰਦੂ ਵੀਰ 5:45 am ਤੱਕ ਨਹੀਂ ਪਹੁੰਚ ਸਕੇ। ਸਿੱਖ ਨੇ ਕੀਰਤਨ ਦੌਰਾਨ ਹੀ ਕਹਿ ਦਿੱਤਾ ਕਿ ਉਨ੍ਹਾਂ ਦੇ ਪੈਸੇ ਇੱਥੇ ਹੀ ਛਡ ਜਾਵਾਂਗੇ। ਪਰ 5:50 am ਤੇ ਉਹ ਆ ਗਏ, ਉਨ੍ਹਾਂ ਵੀ ਸਿੱਖ ਦੀ ਗੱਲ ਸੁਣੀ। ਸਮਾਪਤੀ ਤੋਂ ਬਾਅਦ ਭਰੇ ਗਲੇ ਨਾਲ ਸਿੱਖ ਕੋਲੋਂ ਮੁਆਫੀ ਮੰਗੀ ਕਿ ਪੂਰੀ ਕੋਸ਼ਿਸ਼ ਦੇ ਬਾਵਜੂਦ ਮੈਂ ਸਮੇਂ ਤੇ ਨਹੀਂ ਉਠ ਸਕਿਆ, ਪਰ ਇਹ ਨਾ ਕਰੋ, ਇਤਨੀ ਸਜਾ ਨਾ ਦਿਉ, ਗਰੀਬਾਂ-ਦੁਖੀਆਂ ਲਈ ਦਿੱਤੀ ਭੇਟ ਜ਼ਰੂਰ ਸਵੀਕਾਰ ਕਰੋ। ਸਿੱਖ ਨੇ ਕਿਹਾ,

ਅਸੀਂ ਨਾਰਾਜ਼ ਹੋ ਕੇ ਆਪਣੇ ਪੈਸੇ ਵਾਪਸ ਨਹੀਂ ਕਰ ਰਹੇ, ਬਲਕਿ ਇਸ ਲਈ ਕਿ ਆਪ ਨੂੰ ਹਮੇਸ਼ਾਂ ਇਹ ਗੱਲ ਯਾਦ ਰਹੇ ਕਿ ਸਿੱਖ ਗੁਰੂ ਦੇ ਅਸੂਲ ਪੈਸੇ ਤੇ ਕੁਰਬਾਣ ਨਹੀਂ ਕਰਦਾ। ਹਿੰਦੂ ਵੀਰ ਜੀ ਨੇ ਕਿਹਾ, ਭਾਈ ਸਾਹਿਬ ਆਪ ਵਲੋਂ ਦਿੱਤਾ ਇਹ ਝਟਕਾ ਹੀ ਮੇਰੇ ਲਈ ਕਾਫੀ ਹੈ, ਸਾਰੀ ਉਮਰ ਯਾਦ ਰਹੇਗਾ ਮੈਨੂੰ ਕਿ ਐਸਾ ਗੁਰੂ ਦਾ ਪਿਆਰਾ ਮਿਲਿਆ ਸੀ ਜੋ ਪੈਸੇ ਨੂੰ ਸਚਮੁਚ ਠੀਕਰੇ (ਕੱਚਾ ਧਨ) ਸਮਝਦਾ ਹੈ। ਸਾਰਿਆਂ ਦੇ ਅਨੁਰੋਧ ਤੇ ਉਨ੍ਹਾਂ ਪੈਸੇ institution ਲਈ ਰੱਖ ਲਏ ਪਰ ਇਹ ਸਭ ਨੂੰ ਸਪਸ਼ਟ ਹੋ ਗਿਆ ਕਿ ਗੁਰੂ ਦਾ ਸਿੱਖ ਪੈਸੇ ਲਈ ਕਿਸੇ ਦਾ ਲਿਹਾਜ ਨਹੀਂ ਕਰਦਾ।

7. **ਆਨੰਦ ਸਿਵਾਇ ਗੁਰੂ ਦੇ ਹੋਰ ਕਿਸੇ ਕੋਲ ਨਹੀ :** ਅਨੰਦ ਨਾ ਕਿਸੇ ਦੁਨਿਆਵੀ ਚੀਜ਼ ਵਿੱਚ ਹੈ, ਨਾ ਦੁਨੀਆਵੀ ਬੰਦੇ ਕੋਲ ਹੈ, ਨਾ ਦੁਨੀਆਵੀ ਧਨ ਵਿੱਚ ਹੈ, ਨਾ ਦੁਨੀਆਵੀ ਰੰਗ ਤਮਾਸ਼ੇ ਵਿੱਚ ਹੈ, ਨਾ ਦੁਨੀਆਵੀ ਸੁੱਖਾਂ ਵਿੱਚ ਹੈ, ਨਾ ਦੁਨੀਆਵੀ ਵਡਿਆਈ ਯਾ ਦੁਨੀਆਵੀ position ਵਿੱਚ। ਅਨੰਦ ਤਾਂ ਕੇਵਲ ਗੁਰੂ ਕੋਲੋਂ ਪ੍ਰਾਪਤ ਹੁੰਦਾ ਹੈ ਜਦੋਂ ਸਿੱਖ ਗੁਰੂ ਸਾਹਿਬ ਦੀ ਸਿੱਖਿਆ-

*ਅੰਦਰਹੁ ਜਿਨ ਕਾ ਮੋਹੁ ਤੁਟਾ*
*ਤਿਨ ਕਾ ਸਬਦੁ ਸਚੈ ਸਵਾਰਿਆ।*

(ਅਨੰਦ ਸਾਹਿਬ, ਪਉੜੀ 7)

ਤੇ ਜੀਵਨ ਢਾਲ ਕੇ ਮੋਹ ਦਾ ਬੰਦਨ ਤੋੜ ਕੇ ਪ੍ਰਭੂ ਨਾਲ ਪ੍ਰੀਤ ਪਾਉਂਦਾ ਹੈ। ਗੁਰੂ ਦਾ ਸ਼ਬਦ ਕਿਵੇਂ ਦੁਨੀਆਂ ਨਾਲੋਂ ਸਾਡਾ ਮੋਹ ਤੋੜ ਕੇ ਅਨੰਦ ਸਰੂਪ ਪ੍ਰਭੂ ਨਾਲ ਸਾਡਾ ਨਾਤਾ ਜੋੜ ਕੇ, ਸਾਨੂੰ ਸਦੀਵੀ ਅਨੰਦ ਬਖਸ਼ਦਾ ਹੈ, ਇਸਦਾ ਖੁਲਾਸਾ ਕਿਸੇ ਨੇ ਇਨ੍ਹਾਂ ਲਫਜ਼ਾਂ ਵਿੱਚ ਬੜੇ ਸੁੰਦਰ ਤਰੀਕੇ ਨਾਲ ਕੀਤਾ ਹੈ:

ਪ੍ਰਭੂ ਪਿਆਰੇ ਸੇ ਜਿਸਕਾ ਸੰਬੰਧ ਹੈ ਉਸ ਕੋ ਹਰਦਮ ਆਨੰਦ ਹੀ ਆਨੰਦ ਹੈ।

ਝੂਠੀ ਮਮਤਾ ਸੇ ਕਰ ਕੇ ਕਿਨਾਰਾ, ਲੇ ਕੇ ਸਚੇ ਪ੍ਰਭੂ ਦਾ ਸਹਾਰਾ।

ਹੂਆ ਉਸਕੀ ਰਜ਼ਾ ਮੇਂ ਰਜ਼ਾਮੰਦ ਹੈ, ਉਸਕੋ ਹਰਦਮ ਆਨੰਦ ਹੀ ਆਨੰਦ ਹੈ।

ਨਿੰਦਾ ਚੁਗਲੀ ਨ ਜਿਸਕੋ ਸੁਹਾਏ, ਬੁਰੀ ਸੰਗਤ ਕੀ ਰੰਗਤ ਨ ਭਾਏ।

ਸਤਿਸੰਗ ਹੀ ਜਿਸਕੋ ਪਸੰਦ ਹੈ, ਉਸਕੋ ਹਰਦਮ ਆਨੰਦ ਹੀ ਆਨੰਦ ਹੈ।

ਦੀਨ ਦੁਖੀਓਂ ਕਾ ਦੁਖ ਜੋ ਮਿਟਾਏ, ਬਨ ਕੇ ਸੇਵਕ ਭਲਾ ਸਬਕਾ ਚਾਹੇ।

ਨਹੀਂ ਜਿਸਮੇਂ ਅਸੰਡ ਔਂ ਪਾਖੰਡ ਹੈ, ਉਸਕੋ ਹਰਦਮ ਆਨੰਦ ਹੀ ਆਨੰਦ ਹੈ।

ਪ੍ਰਭੂ ਪਿਆਰੇ ਸੇ ਜਿਸਕਾ ਸੰਬੰਧ ਹੈ, ਉਸਕੋ ਹਰਦਮ ਆਨੰਦ ਹੀ ਆਨੰਦ ਹੈ।

ਮੈਂ ਕਿਹਾ, ਵੀਰ ਜੀ, ਕੀ ਆਪਨੂੰ ਸਤਿਸੰਗ trip ਦੌਰਾਨ ਐਸਾ ਕੋਈ ਗੁਰਸਿੱਖ ਮਿਲਿਆ ਸੀ। ਕਹਿਣ ਲੱਗੇ ਹਾਂ, ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਦੇ ਜੋੜਾਘਰ ਵਿੱਚ ਮੈਂ ਇੱਕ ਸਿੱਖ ਵੇਖਿਆ ਜਿਹੜਾ ਆਨੰਦ ਵਿੱਚ literally-

*ਇਹੁ ਮਨੁ ਨਾਚੈ ਸਤਿਗੁਰ ਆਗੈ*

(ਪੰਨਾ 834)

ਨੱਚ ਰਿਹਾ ਸੀ। ਬੇਨਤੀ ਕਰਨ ਤੇ ਕਿ ਇਸ ਆਨੰਦ ਦਾ ਰਾਜ਼ ਕੀ ਹੈ, ਉਨ੍ਹਾਂ ਦੱਸਿਆ- "ਮੇਰਾ ਮਨ ਪ੍ਰਭੂ ਪਿਆਰ ਵਿੱਚ ਗੁੜੰਦ ਹੈ, ਮੇਰੀ ਰਸਨਾ ਵਾਹਿਗੁਰੂ... ਵਾਹਿਗੁਰੂ ਦਾ ਰਸ ਮਾਣ ਰਹੀ ਹੈ, ਅੱਖਾਂ ਜੋੜੇ ਦੇਣ-ਲੈਣ ਵਾਲੀ ਪਿਆਰੀ ਸੰਗਤ ਵਿੱਚੋਂ ਪ੍ਰਭੂ ਦੇ ਦਰਸ਼ਨ ਕਰ ਰਹੀਆਂ ਹਨ ਤੇ ਕੰਨਾਂ ਵਿੱਚ, ਅੰਦਰ ਹੋਣ ਵਾਲੇ ਕੀਰਤਨ ਦੀ ਅੰਮ੍ਰਿਤਮਈ ਬਾਣੀ ਰਸ ਘੋਲ ਰਹੀ ਹੈ, ਇਸ ਤਰ੍ਹਾਂ ਮੈ ਮਨ-ਬਚ-ਕਰਮ ਕਰ ਕੇ ਉਸ ਦੀ ਹਜ਼ੂਰੀ ਦਾ ਨਿੱਘਾ ਆਨੰਦ ਮਾਣ ਰਿਹਾ ਹਾਂ, ਇੱਥੇ ਨਾ ਹਰਖ ਹੈ, ਨਾ ਸੋਗ ਹੈ, ਨਾ ਨਿੰਦਾ ਹੈ, ਨਾ ਚੁਗਲੀ ਹੈ, ਨਾ ਉਸਤਤ ਹੈ, ਨਾ ਮੋਹ ਹੈ, ਨਾ ਮਮਤਾ ਹੈ, ਇੱਥੇ ਤਾਂ ਬਸ ਪਿਆਰ ਹੀ ਪਿਆਰ ਹੈ ਤੇ ਉਸ ਪਿਆਰ ਚੋਂ ਸਰਬੱਤ ਦੇ ਭਲੇ ਦੀ ਅਰਦਾਸ ਨਿਕਲ ਰਹੀ ਹੈ ਤੇ ਮਨ ਇਸ ਕਿਰਪਾ ਤੇ ਵਾਰ-ਵਾਰ ਕਹਿ ਰਿਹਾ ਹੈ-

*ਮੇਰੇ ਸਤਿਗੁਰਾ ਮੈ ਹਰਿ ਹਰਿ ਨਾਮੁ ਦ੍ਰਿੜਾਇ॥*
*ਮੇਰਾ ਮਾਤ ਪਿਤਾ ਸੁਤ ਬੰਧਪੋ*
*ਮੈ ਹਰਿ ਬਿਨੁ ਅਵਰੁ ਨਾ ਮਾਇ॥*

(ਪੰਨਾ 996)

ਮੈਂ ਕਿਹਾ, ਅਨੰਦ ਆ ਗਿਆ ਆਪ ਕੋਲੋਂ ਸਤਿਸੰਗ ਦੀ detail ਸੁਣ ਕੇ, ਕੁਝ ਹੋਰ ਦੱਸਣਾ ਚਾਹੋਗੇ। ਕਹਿਣ ਲੱਗੇ ਕੁਝ ਖਾਸ points ਜੋ ਇਸ ਵਾਰ ਦੇ ਸਤਿਸੰਗ ਚੋਂ ਉੱਭਰ ਕੇ ਸਾਹਮਣੇ ਆਏ, ਆਪ ਨਾਲ share ਕਰਦਾ ਹਾਂ।

1. ਅਸੀਂ ਪ੍ਰਭੂ ਦੀ ਭਗਤੀ, ਗੁਰੂ ਦੇ ਦਸੇ ਤਰੀਕੇ

*ਸੇਵਾ ਕਰਤ ਹੋਇ ਨਿਹਕਾਮੀ*

(ਪੰਨਾ 286)

ਨਾਲ ਨਹੀਂ ਕਰਦੇ। ਅਸਾਂ ਨਾਮ ਨੂੰ, ਗੁਰੂ ਕਿਰਪਾ ਨੂੰ, material ਚੀਜਾਂ ਨਾਲ link ਕੀਤਾ ਹੋਇਆ ਹੈ, ਅਰਥਾਤ ਜੇ ਸਾਡਾ business ਠੀਕ ਚਲ ਰਿਹਾ ਹੈ ਤਾਂ ਸਮਝਦੇ ਹਾਂ ਗੁਰੂ ਦੀ ਕਿਰਪਾ ਹੈ, ਵਰਨਾ ਨਹੀਂ। ਨਤੀਜਾ ਇਹ ਹੋਇਆ ਹੈ ਕਿ ਨਾਮ ਵਿੱਚ ਜੋ all powerful ਤਾਕਤ available ਹੈ, e.g.

*ਚਉਗਿਰਦ ਹਮਾਰੈ ਰਾਮਕਾਰ ਦੁਖੁ ਲਗੈ ਨ ਭਾਈ*

(ਪੰਨਾ 819)

ਉਸ ਤੋਂ ਅਸੀਂ ਵਾਂਝੇ ਰਹਿ ਜਾਂਦੇ ਹਾਂ।

2. ਸਾਨੂੰ ਪ੍ਰਭੂ ਕੋਲੋਂ ਸਿਵਾਇ ਨਾਮ ਦੇ ਹੋਰ ਕੁਝ ਨਹੀਂ ਮੰਗਣਾ ਚਾਹੀਦਾ ਕਿਉਂਕਿ ਗੁਰੂ ਨੇ ਸਮਝਾ ਦਿੱਤਾ ਹੈ ਕਿ ਇਹੀ ਸਭ ਤੋਂ ਉੱਤਮ ਚੀਜ ਹੈ ਮੰਗਣ ਲਈ

*ਮਾਗਨਾ ਮਾਗਨ ਨੀਕਾ ਹਰਿ ਜਸੁ ਗੁਰ ਤੇ ਮਾਗਨਾ*

(ਪੰਨਾ 1018)

ਜੇ ਸਰਵੋਤਮ ਚੀਜ ਮਿਲ ਸਕਦੀ ਹੈ ਤਾਂ ਕਿਉਂ ਨਾਲਾਇਕੀ ਕਰ ਕੇ ਦੁਨੀਆਂ ਦੀਆਂ ਕਉਡੀਆਂ ਮੰਗੀਏ (ਜੋ in any case ਨਾਮ ਆਉਣ ਤੇ automatically ਮਿਲਣਗੀਆਂ) ਜਿਨ੍ਹਾਂ ਰਹਿਣਾ ਨਹੀਂ-

*ਕਿਆ ਮਾਗਉ ਕਿਛੁ ਥਿਰੁ ਨ ਰਹਾਈ*

(ਪੰਨਾ 481)

ਤੇ ਜਿਨ੍ਹਾਂ ਵਿੱਚੋਂ ਵੱਡਾ ਦੁਖ ਨਿਕਲ ਸਕਦਾ ਹੈ-

*ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ*

(ਪੰਨਾ 958)

3. ਬੱਚਿਆਂ ਨੂੰ in general, ਜਾਨਦਾਰ ਸਿੱਖੀ ਵਿਰਸੇ ਤੋਂ ਜਾਣੂ ਨਹੀਂ ਕਰਾਇਆ ਜਾ ਰਿਹਾ। ਇਸ ਅਗਿਆਨਤਾ, ਅਤੇ ਕੌਮ ਦੇ ਮੌਜੂਦਾ ਆਗੂਆਂ ਭਾਵੇਂ ਰਾਜਨੀਤਕ ਖੇਤਰ ਹੈ, ਭਾਵੇਂ ਧਾਰਮਿਕ ਤੇ ਸਮਾਜਿਕ ਦੇ ਕਿਰਦਾਰ ਤੋਂ ਦੁਖੀ ਹੋਣ ਕਰਕੇ ਉਨ੍ਹਾਂ ਨੂੰ ਸਿੱਖੀ ਤੇ ਕੋਈ ਮਾਣ ਨਹੀਂ। ਸਾਡੇ ਆਗੂਆਂ ਵਿੱਚੋਂ ਬੱਚਿਆਂ ਨੂੰ ਅੱਜ ਕੋਈ role model (ਆਦਰਸ਼) ਨਜ਼ਰ ਨਹੀਂ ਆ ਰਿਹਾ, ਪਰ ਜਿੱਥੇ ਕਿਤੇ ਵੀ ਉਨ੍ਹਾਂ ਨੂੰ ਕਿਸੇ ਅੰਦਰ ਸੱਚੇ ਸਿੱਖ ਦੀ ਝਲਕ ਦਿਸਦੀ ਹੈ, ਉਹ ਉਸਦੇ ਪੈਰ ਚੁੰਮਦੇ ਹਨ। ਸੁ ਲੋੜ ਇਸ ਗੱਲ ਦੀ ਹੈ ਕਿ ਹਰ ਸਿੱਖ ਆਪਣਾ ਕਿਰਦਾਰ ਉੱਚਾ ਕਰ ਕੇ, ਗੁਰਮਤਿ ਅਨੁਸਾਰ ਜੀਵਨ ਢਾਲ ਕੇ ਆਪਣੇ ਬੱਚਿਆਂ ਲਈ ਤੇ ਆਲੇ-ਦੁਆਲੇ ਲਈ example ਪੇਸ਼ ਕਰੇ।

4. ਅੰਮ੍ਰਿਤਸਰ ਦੇ ਇੱਕ-ਦੋ ਸਕੂਲ ਵੇਖਣ ਦਾ ਮੌਕਾ ਮਿਲਿਆ, ਬੜਾ ਪ੍ਰਸੰਨ ਹੋਇਆ ਮਨ ਕਿ ਐਸੇ ਸਿੱਖ schools ਵੀ ਹਨ, which could be compared with the west public schools, ਜਿੱਥੇ ਨਾ ਕੇਵਲ ਪੜ੍ਹਾਈ ਦਾ ਮਿਆਰ ਉੱਚਾ ਹੈ, ਬਲਕਿ ਸਿੱਖੀ ਕਦਰਾਂ-ਕੀਮਤਾਂ ਤੇ ਵੀ ਕਰੜਾ ਪਹਿਰਾ ਦਿੱਤਾ ਜਾ ਰਿਹਾ ਹੈ ਤੇ ਧਰਮ ਦੇ ਬੁਨਿਆਦੀ ਅਸੂਲ ਬੱਚਿਆਂ ਅੰਦਰ instal ਕੀਤੇ ਜਾ ਰਹੇ ਹਨ।

5. ਸਾਡੇ ਅੰਦਰ ਬੜੇ ਭਰਮ ਭੁਲੇਖੇ ਤੇ ਡਰ ਹਨ। ਪੰਜਾਬ ਦੇ ਪਿੰਡਾਂ ਵਿੱਚ ਵਹਿਮਾਂ ਵਿੱਚ ਫਸੀ ਲੁਕਾਈ ਸ਼ਿਕਾਰ ਹੋ ਗਈ ਹੈ ਉਨ੍ਹਾਂ ਲੋਕਾਂ ਦੀ ਜੋ "ਸੰਤ" ਸ਼ਬਦ ਦੀ ਦੁਰਵਰਤੋਂ ਕਰ ਕੇ ਆਪਣੀਆਂ ਦੁਕਾਨਾਂ ਚਲਾ ਰਹੇ ਹਨ, 'ਡੇਰਿਆਂ' ਦੇ ਨਾਂ ਹੇਠ। ਸ਼ਬਦ ਗੁਰੂ ਤੋਂ ਟੁੱਟ ਕੇ, ਸੁਭਾਵਿਕ ਹੀ, ਅਸੀਂ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਾਂ। ਲੋੜ ਹੈ ਮੁੜ ਗੁਰਬਾਣੀ ਨਾਲ ਜੁੜਨ ਦੀ ਤੇ ਗੁਰੂ ਹੁਕਮਾਂ ਤੇ ਜੀਵਨ ਢਾਲਨ ਦੀ।

6. ਗੁਰਦੁਆਰਿਆਂ ਦਾ ਉਪਯੋਗ ਧਰਮਸ਼ਾਲ ਦੇ ਰੂਪ ਵਿੱਚ ਉੱਕਾ ਹੀ ਨਹੀਂ ਹੋ ਰਿਹਾ with few exceptions of course ਹੁਣ ਇੱਥੇ ਵੀ ਮਾਇਆ ਪ੍ਰਧਾਨ ਹੋ ਗਈ ਹੈ। ਪੈਸੇ ਦੇ ਕੇ ਅਰਦਾਸ, ਪੈਸੇ ਨਾਲ ਅਖੰਡ ਪਾਠ, ਪੈਸੇ ਨਾਲ ਪ੍ਰਸ਼ਾਦ, ਪੈਸਾ ਦੇ ਕੇ ਲੰਗਰ, ਪੈਸੇ ਨਾਲ ਕੀਰਤਨ ਤੇ ਪ੍ਰਚਾਰ, ਸਭ ਕੁਛ ਪੈਸੇ ਨਾ ਹੋ ਰਿਹਾ ਹੈ। ਐਸਾ ਮਾਹੌਲ ਹੈ ਕਿ-

*ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ*

(ਪੰਨਾ 15)

ਦੇ ਮੁਦਈ ਗੁਰੂ ਨਾਨਕ ਦੇ ਗੁਰਦੁਆਰੇ ਵੀ ਮਲਕ ਭਾਗੋ ਦੇ ਕਬਜੇ ਅੰਦਰ ਹਨ ਤੇ ਗਰੀਬ ਲਾਲੋ ਦੀ ਉੱਥੇ ਕੋਈ ਪੁਛ ਨਹੀਂ ਹੋ ਰਹੀ।

7. *ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ*

(ਪੰਨਾ 2)

ਹੀ ਤਰੀਕਾ ਹੈ ਪ੍ਰਭੂ ਦਰਬਾਰ ਦੇ ਦਰਸ਼ਨ ਕਰਨ ਤੇ ਪ੍ਰਭੂ ਦੇ ਪਿਆਰ ਪਾਉਣ ਦਾ। ਘੋਰ ਬਦਕਿਸਮਤੀ ਸਾਡੀ ਕਿ ਪ੍ਰਭੂ ਮਿਲਨ (ਜੋ ਸਾਡੀ ਜ਼ਿੰਦਗੀ ਦਾ goal, ਮਕਸਦ ਹੈ) ਦੇ ਇਸ simple but most effective ਤਰੀਕੇ ਦਾ ਪੂਰਾ ਉਪਯੋਗ ਨਹੀਂ ਕਰ ਰਹੇ ਅਤੇ ਕੇਵਲ ਗੁਰਦੁਆਰੇ ਜਾਣ, ਮੱਥਾ ਟੇਕਣ, ਕੀਰਤਨ ਸੁਣਣ, ਕੀਰਤਨ ਕਰਨ... ਨੂੰ ਹੀ ਕਾਫੀ ਸਮਝਦੇ ਹਾਂ।

8. *ਸਾਧ ਸੰਗਤਿ ਅਸਥਾਨ ਜਗਮਗ ਨੂਰ ਹੈ*

(ਵਾਰ ਪਉੜੀ 10)

ਜਿੱਥੇ ਜਾ ਕੇ ਅਸਾਂ ਗੁਰ ਬਚਨਾਂ ਦੀ ਰੋਸ਼ਨੀ ਅੰਦਰ ਆਪਣੇ ਆਉਗਣਾਂ ਦੀ ਖੋਜ ਕਰਨੀ ਹੈ, ਉਨਾਂ ਦੀ ਪਛਾਣ ਕਰਕੇ, ਛੁਟਕਾਰਾ ਪਾਉਣ ਦੀ ਕੋਸ਼ਿਸ਼ ਤੇ ਅਰਦਾਸ ਦੁਆਰਾ, ਆਪਾ ਸੁਆਰਨਾ ਹੈ। ਦੁਨੀਆਂ ਦੀ ਕੋਈ ਪੜ੍ਹਾਈ ਮੈਨੂੰ ਇਹ ਨਹੀਂ ਦੱਸਦੀ ਕਿ "ਮੈਂ ਕੁਝ ਨਹੀਂ", ਇਹ ਪੜ੍ਹਾਈ ਕੇਵਲ ਗੁਰੂ ਸਿਖਾਂਦਾ ਹੈ-

*ਮੈ ਨਾਹੀ ਕਛੁ ਹਉ ਨਾਹੀ ਕਿਛੁ ਆਹਿ ਨ ਮੋਰਾ*

(ਪੰਨਾ 1858)

ਇਸਦਾ ਇਹ ਅਰਥ ਨਹੀਂ ਕਿ ਸਿੱਖ ਨੇ ਕੁਝ ਨਹੀਂ ਕਰਨਾ ਯਾ ਵੇਹਲੜ ਬਣਨਾ ਹੈ, ਬਲਕਿ first class engineer, top notch professional, ਬਣ ਕੇ ਵੀ ਇਹ ਕਹਿਣ ਤੇ ਸਮਝਣਾ ਹੈ ਕਿ ਮੈਂ ਤਾਂ ਇਸ ਯੋਗ ਨਹੀਂ ਸਾਂ, ਗੁਰੂ ਨੇ ਕਿਰਪਾ ਕਰ ਕੇ ਕੁਝ ਬਣਾ ਦਿੱਤਾ ਹੈ।

9. ਪੰਜਾਬ ਦੀਆਂ universities ਵਿੱਚ ਵੀ ਗੁਰ ਆਸ਼ੇ ਦਾ ਕੁਝ ਖਾਸ ਕੰਮ ਨਹੀਂ ਹੋ ਰਿਹਾ। ਗੁਰੂਆਂ ਦੇ ਨਾਂ ਤੇ ਬਣੇ ਵਿਸ਼ਵ ਵਿਦਿਆਲੇ, Chairs ਤੇ Departments, ਗੁਰੂ ਸਾਹਿਬਾਨ ਦੇ message ਨੂੰ ਨੌਜਵਾਨਾਂ ਤੀਕਰ ਪੁਚਾਣ ਵਿੱਚ ਕਾਮਯਾਬ ਨਹੀਂ ਹੋਏ -ਕਾਰਣ ਭਾਵੇਂ ਕੁਝ ਵੀ ਹੋਵੇ। ਨਤੀਜਾ ਇਹ ਹੈ ਕਿ students ਵਿੱਚ apostasy ਤੇਜੀ ਨਾਲ ਵਧ ਰਹੀ ਹੈ। ਲੋੜ ਇਸ ਗੱਲ ਦੀ ਹੈ ਕਿ ਅਧਿਆਪਕ ਗੁਰੂ ਹੁਕਮਾਂ ਤੇ ਜੀਵਨ ਢਾਲ ਕੇ ਵਿਦਿਆਰਥੀਆਂ ਅੱਗੇ ਸਿੱਖੀ ਦੀ ਖ਼ੁਸ਼ਬੂ (ਕਿ Sikh is the ambassador of love) ਪੇਸ਼ ਕਰਨ ਤਾਂ ਜੋ ਉਹ ਪ੍ਰੇਰਨਾ ਲੈ ਸਕਣ।

10. ਅੰਤ ਵਿੱਚ ਯਾਦ ਰੱਖੀਏ :

ਨਾਮ ਤੋਂ ਬਗੈਰ (without naam)

*ਸਿਮ੍ਰਿਤ ਬੇਦ ਪੁਰਾਣ ਪੁਕਾਰਨਿ ਪੋਥੀਆ॥*
*ਨਾਮ ਬਿਨਾ ਸਭਿ ਕੂੜ ਗਾਲੀ ਹੋਛੀਆ॥*

(ਪੰਨਾ 761)

ਨਾਮ ਦੇ ਨਾਲ (with naam)

*ਸਖੀ ਸਹੇਰੀ ਮੇਰੈ ਗ੍ਰਸਤਿ ਅਨੰਦ॥*
*ਕਰ ਕਿਰਪਾ ਭੇਟੇ ਮੋਹ ਕੰਤ*

(ਪੰਨਾ 1143)

*ਸਾਚੁ ਨਾਮੁ ਅਧਾਰੁ ਮੇਰਾ*
*ਜਿਨਿ ਭੁਖਾ ਸਭਿ ਗਵਾਈਆ॥*

(ਪੰਨਾ 917)

ਸਤਿਗੁਰੂ ਕਿਰਪਾ ਕਰਨ, ਸਾਰਿਆਂ ਨੂੰ ਨਾਮ ਦੀ ਦਾਤ ਬਖਸ਼ਣ ਤੇ ਸਾਰੇ ਦਿਲੋਂ ਇਹ ਕਹਿ ਸਕਣ :

*ਆਨੰਦੁ ਆਨੰਦੁ ਸਭੁ ਕੋ ਕਹੈ*
*ਆਨੰਦੁ ਗੁਰੂ ਤੇ ਜਾਣਿਆ॥*

(ਪੰਨਾ 917)


**ਗੁਰਮੁਖ ਢੂਢ ਢੂਢੇਦਿਆਂ ( Free Matrimonial Service )**

**SUITABLE** match for a Arora Hindu girl (D.O.B. 06/04/1971), MA., B.Ed. Father business man, Mother house wife, two brothers (elder settled abroad and younger helping father in business) and both younger sisters are studying.

**Contact** : Mr. Rawal, S.C.F. 23, Sector: 10-D, Chandigarh

*ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ*

**ਗੁਰਸਿੱਖ ਸੰਜੋਗ**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ,
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ ਇੱਕੋ-ਇੱਕ ਆਵਾਜ਼

**ਸਿੱਖ ਲੀਗ** (ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ, ਨਵੀਂ ਦਿੱਲੀ-8 ਫੋਨ : 5707096

# ਸਾਡਾ ਪਿਆਰਾ 'ਸੂਫੀ'

ਬਬਲੀ ਐਸ. ਸਿੰਘ
35/1-B, Model Gram, Ludhiana

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪ੍ਰਤੱਖ ਬੋਲਦੀ ਹੈ ਪਰ ਅਸੀਂ ਸਮਝਦੇ ਨਹੀਂ। ਉਹ ਸਾਡੀ ਹਰ ਗਲ ਦਾ ਹਰ ਅਰਦਾਸ ਦਾ ਪ੍ਰਤੱਖ ਰੂਪ ਵਿੱਚ ਜਵਾਬ ਦਿੰਦੇ ਹਨ ਪਰ ਅਸੀਂ ਨਾਸਮਝ ਹਾਂ। ਗਿਲਾ ਕਰਦੇ ਰਹਿੰਦੇ ਹਾਂ ਕਿ "ਤੂੰ ਮੇਰੀ ਅਰਦਾਸ ਪਰਵਾਨ ਨਹੀਂ ਕੀਤੀ।"

ਗੁਰਬਾਣੀ ਨਾਲ ਮੇਰਾ ਡੂੰਘਾ ਪਿਆਰ ਹੈ। ਗੁਰੂ ਗ੍ਰੰਥ ਸਾਹਿਬ ਦਾ ਹਰ ਅੱਖਰ ਮੈਨੂੰ ਛੂੰਹਦਾ ਹੈ ਤੇ ਮਨ ਪਿਆਰ ਤੇ ਬੈਰਾਗ ਨਾਲ ਭਰ ਭਰ ਜਾਂਦਾ ਹੈ। ਜ਼ਿੰਦਗੀ ਦੇ ਉਤਰਾਅ ਚੜਾਅ, ਦੁੱਖ ਸੁੱਖ ਦੀ ਖੇਡ ਵਿੱਚ ਮਨ ਬਾਰ ਬਾਰ ਡੋਲਦਾ ਹੈ ਪਰ ਗੁਰਬਾਣੀ ਦੀ ਕੋਈ ਨ ਕੋਈ ਤੁਕ ਯਾਦ ਆ ਜਾਂਦੀ ਹੈ ਤੇ ਉਹ ਜ਼ਿੰਦਗੀ ਦੀਆਂ ਸਚਾਈਆਂ ਦਾ ਅਹਿਸਾਸ ਦਿਵਾਂਦੀਆਂ।

*"ਗੁਰ ਕਾ ਸਬਦ ਮਨਹਿ ਅਸਥੰਮਨ"* ਦਾ ਕੰਮ ਕਰਦੀ ਹੈ ਜਾਂ ਫਿਰ ਬੈਰਾਗੀ ਮਨ ਦਾ ਸਾਥ ਦਿੰਦੀ ਹੈ।

ਫਿਰ ਵੀ ਮੈਂ ਇੱਕ ਬੜੀ ਹੀ ਕਮਜ਼ੋਰ ਦਿਲ ਵਾਲੀ ਲੜਕੀ ਹਾਂ ਇੱਕ ਆਮ ਇਨਸਾਨ ਜੋ ਦੁੱਖਾਂ ਤੋਂ ਡੋਲ ਡੋਲ ਜਾਂਦੀ ਹਾਂ। ਜਦੋਂ ਦੁੱਖ ਆਂਦਾ ਹੈ ਦਰੋਪਦੀ ਵਾਂਗ ਉਸ ਨੂੰ ਪੁਕਾਰਦੀ ਹਾਂ ਤੇ ਕਹਿੰਦੀ ਹਾਂ 'ਨਾਮ ਦੀ ਲਾਜ ਰੱਖੀਂ, ਗੁਰ ਸ਼ਬਦ ਦੀ ਲਾਜ ਰੱਖੀਂ, ਮੇਰੇ ਵਿਸ਼ਵਾਸ਼ ਦੀ ਲਾਜ ਰੱਖੀਂ, ਮੈਨੂੰ ਧੋਖਾ ਨਾ ਦਈਂ, ਗੁਰਬਾਣੀ ਤੋਂ ਮੇਰਾ ਵਿਸ਼ਵਾਸ਼ ਨਾ ਤੋੜੀਂ'

ਦੁਨੀਆਂ ਨੂੰ ਮੇਰੀ ਕਹਾਣੀ ਸ਼ਾਇਦ ਬਚਪਨਾਂ ਲਗੇਗੀ। ਸ਼ਾਇਦ ਪੜ੍ਹ ਕੇ ਸਭ ਸੋਚਣਗੇ ਇੱਕ ਕੁੱਤੇ ਬਾਰੇ ਲਿਖੀ ਜਾਂਦੀ ਹੈ। ਪਰ ਨਹੀਂ ਉਹ ਇੱਕ ਆਮ ਕੁੱਤਾ ਨਹੀਂ ਉਹ ਇੱਕ ਬੜੀ ਪਿਆਰੀ ਜੀਵ ਆਤਮਾ ਸੀ ਇੱਕ ਦਰਵੇਸ਼ ਸੀ। ਉਸਦਾ ਨਾਮ ਮੈਂ "ਸੂਫੀ" ਰੱਖਿਆ। ਉਹ ਸਬਰ ਤੇ ਸੰਤੋਖ ਦੀ ਮਿਸਾਲ ਸੀ। ਸਾਧੂ ਸੁਭਾਅ ਵਾਲਾ ਦਰਵੇਸ਼। ਉਸ ਕੋਲ ਅਸੀਮ ਪਿਆਰ ਸੀ ਤੇ ਉਹ ਹਰ ਘਰ ਆਏ ਨੂੰ, ਸੜਕ ਤੇ ਜਾਂਦਿਆਂ ਨੂੰ ਅਜਨਬੀਆਂ ਨੂੰ ਪਿਆਰ ਵੰਡੀ ਜਾਂਦਾ। ਰਾਹ ਜਾਂਦਿਆਂ ਬੰਦਿਆਂ ਕੀ, ਜਾਨਵਰਾਂ ਨੂੰ ਵੀ ਵੇਖ ਕੇ ਪੂਛ ਹਿਲਾਂਦਾ ਤੇ ਮੈਂ ਹਸ ਪੈਂਦੀ "ਸੂਫੀ ਬਾਬਾ ਤੂੰ ਸਾਰਿਆਂ ਨੂੰ ਹੀ ਜਾਣਦਾ ਹੈਂ।" ਤੇ ਉਹ ਮੇਰੇ ਵਲ, ਵੇਖ ਕੇ ਜ਼ੋਰ ਜ਼ੋਰ ਦੀ ਪੂਛ ਹਿਲਾ ਦਿੰਦਾ, ਮੇਰੀ ਹਰ ਗਲ ਦਾ ਜਵਾਬ ਉਸਦੀਆਂ ਨਜ਼ਰਾਂ ਵਿੱਚ ਆ ਜਾਂਦਾ ਤੇ ਮੈਂ ਉਸਦੀਆਂ ਨਜ਼ਰਾਂ ਪੜ੍ਹ ਲੈਂਦੀ। ਬਸ ਸਿਰਫ ਉਹ ਬੋਲ ਨਹੀਂ ਸੀ ਸਕਦਾ।

ਹਰ ਮਹੀਨੇ ਸੰਗਰਾਂਦ ਤੇ ਉਹ ਸਾਡੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿੱਚ ਜਾਂਦਾ। ਸਾਰਾ ਜਿਸਮ ਉਹ ਕਮਰੇ ਦੇ ਬਾਹਰ ਰੱਖਦਾ ਪਰ ਅਗਲੇ ਦੋ ਛੋਟੇ ਛੋਟੇ ਹੱਥ ਕਮਰੇ ਦੇ ਅੰਦਰ ਰੱਖਦਾ ਤੇ ਉਨ੍ਹਾਂ ਹੱਥਾਂ ਤੇ ਆਪਣਾ ਮੂੰਹ ਟਿਕਾ ਲੈਂਦਾ। ਜਿੰਨੀ ਦੇਰ ਅਸੀਂ ਪਾਠ ਕਰਦੇ ਇਸੇ ਪੁਜੀਸ਼ਨ ਵਿੱਚ ਬੈਠਾ ਰਹਿੰਦਾ ਜਿਵੇਂ ਪਾਠ ਸੁਣ ਰਿਹਾ ਹੋਵੇ। ਫਿਰ ਸਾਡੇ ਨਾਲ ਹੀ ਪਰਸ਼ਾਦ ਲੈ ਕੇ ਥੱਲੇ ਉਤਰ ਆਂਦਾ। ਸਵੇਰੇ ਮੈਂ ਉਠਦਿਆਂ ਹੀ ਉਸ ਕੋਲ ਜਾਂਦੀ ਉਸ ਦੇ ਸਿਰ ਤੇ ਹੱਥ ਰੱਖਦੀ ਤੇ ਕਹਿੰਦੀ ਸੂਫੀ ਵਾਹਿਗੁਰੂ ਵਾਹਿਗੁਰੂ ਕਰੀਏ। ਜਿੰਨੀ ਦੇਰ ਮੈਂ ਕਰਦੀ ਰਹਿੰਦੀ ਚੁਪਚਾਪ ਬੈਠਾ ਸੁਣਦਾ ਫਿਰ ਉਠ ਕੇ ਦਰਵਾਜੇ ਕੋਲ ਆ ਜਾਂਦਾ। ਜਦੋਂ ਵੀ ਕੋਈ ਮਹਿਮਾਨ ਆਏ, ਰੌਲਾ ਪਾਂਦਾ ਰਹਿੰਦਾ ਕਿ ਮੈਂ ਵੀ ਮਹਿਮਾਨਾਂ ਕੋਲ ਹੀ ਬੈਠਣਾ ਹੈ। ਜਿਉਂ ਹੀ ਲਿਜਾਕੇ ਮਹਿਮਾਨਾਂ ਨਾਲ ਮਿਲਾਂਦੇ ਉਹਨਾਂ ਕੋਲ ਬੈਠ ਜਾਂਦਾ ਤੇ ਸ਼ਾਂਤ ਹੋ ਜਾਂਦਾ। ਪਰ ਮਹੀਨੇ ਵਿੱਚ ਇੱਕ ਦਿਨ ਜਦੋਂ ਗੁਰੂ ਦੀ ਸੰਗਤ ਸਾਡੀ ਮਹਿਮਾਨ ਬਣਕੇ ਸਾਡੇ ਘਰ ਚਰਨ ਪਾਂਦੀ ਤੇ ਘੰਟਾ ਸਵੇਰੇ ਸਿਮਰਨ ਹੁੰਦਾ। ਸੂਫੀ ਨੇ ਕਦੀ ਵੀ ਆਵਾਜ਼ ਨਾ ਕਰਨੀ ਤੇ ਚੁਪਚਾਪ ਆਪਣੀ ਜਗਾ ਤੇ ਬੈਠਾ ਰਹਿੰਦਾ, ਸ਼ਾਇਦ ਉਹ ਵੀ ਸਿਮਰਨ ਕਰਦਾ ਹੋਏ ਅੰਦਰੋਂ ਅੰਦਰ। ਉਸਦੇ ਵਿੱਚ ਸੂਫੀਆਂ ਵਾਲਾ ਸਬਰ ਤੇ ਨਿਮਰਤਾ ਸੀ। ਜੇ ਕਦੀ ਘੁੰਮਾਣਾ ਲੇਟ ਹੋ ਜਾਏ, ਖਾਣਾ ਲੇਟ ਮਿਲੇ ਉਸ ਕਦੀ ਵੀ ਤੰਗ ਨਾ ਕਰਨਾ, ਸਗੋਂ ਸਬਰ ਨਾਲ ਚੁਪਚਾਪ ਉਡੀਕਦਾ। ਜੇ ਕਦੀ ਕਿਸੇ ਦਾ ਪੈਰ ਉਸਦੀ ਪੂਛ ਜਾਂ ਲੱਤ ਬਾਂਹ ਤੇ ਆ ਜਾਏ ਤਾਂ ਦਰਦ ਨਾਲ ਤੜਫ ਕੇ ਉੱਠਦਾ ਤੇ ਉਠ ਕੇ ਪੈਰ ਰੱਖਣ ਵਾਲੇ ਦੇ ਹੱਥ ਚੁੰਮ ਲੈਂਦਾ ਜਿਵੇਂ ਕਹਿ ਰਿਹਾ ਹੋਏ-

*ਜੋ ਤੈ ਮਾਰਨ ਮੁਕੀਆਂ ਤਿਨਾਂ ਨਾਂ ਮਾਰੇ ਘੁੰਮ*
*ਆਪਨੜੇ ਘਰ ਜਾਈਏ ਪੈਰ ਤਿਨਾਂ ਦੇ ਚੁੰਮ*

ਐਸਾ ਸੀ ਮੇਰਾ ਪਿਆਰਾ ਸੂਫੀ, ਭੋਲਾ ਭਾਲਾ ਦਰਵੇਸ਼ ਫਿਰ ਇੱਕ ਦਿਨ ਸੂਫੀ ਦੇ ਪੇਟ ਥੱਲੋਂ ਛੋਟਾ ਜਿਹਾ ਇੱਕ ਲੰਪ ਜਿਹਾ ਲਮਕਿਆ। ਡਾਕਟਰ ਨੇ ਚੈੱਕ ਕੀਤਾ ਤੇ ਕਿਹਾ ਕਿ ਇਹ ਤਾਂ ਟਿਊਮਰ ਹੈ। ਸਰਜਰੀ ਕਰਨੀ ਹੈ ਤੇ ਸਰਜਰੀ ਤੋਂ ਬਾਦ ਪਤਾ ਲੱਗੇਗਾ ਕਿਧਰੇ ਕੈਂਸਰ ਤਾਂ ਨਹੀਂ। 10 ਦਿਨਾਂ ਬਾਦ ਸਰਜਰੀ ਕਰਾਂਗਾ। ਸਾਰਾ ਘਰ ਉਦਾਸ ਹੋ ਗਿਆ। ਸਭ ਸਹਿਮ ਗਏ। ਅਸੀਂ ਦੁੱਖ ਭੰਜਨੀ ਸਾਹਿਬ ਦੇ ਪਾਠ ਕੀਤੇ। ਤੀਜੇ ਦਿਨ ਸਰਬ ਰੋਗ

ਕਾ ਆਉਖਧ ਨਾਮ ਸੋਸਾਇਟੀ ਦਾ ਸਿਮਰਨ ਸੀ ਘਰ ਵਿੱਚ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਸੂਫੀ ਦੀ ਦੇਹ ਅਰੋਗਤਾ ਲਈ ਅਰਦਾਸ ਕਰਨਾ। ਸੰਗਤ ਦੀ ਅਰਦਾਸ ਬਿਰਥੀ ਨਹੀਂ ਜਾਏਗੀ। ਅਰਦਾਸ ਤੋਂ ਬਾਅਦ ਹੁਕਮਨਾਮੇ ਦੇ ਰੂਪ ਵਿੱਚ ਗੁਰੂ ਮਹਾਰਾਜ ਨੇ ਅਸ਼ੀਰਵਾਦ ਦਿੱਤਾ-

*ਆਪਣੇ ਬਾਲਕ ਆਪ ਰਖਿਅਨ ਪਾਰਬ੍ਰਹਮ ਗੁਰਦੇਵ।*
*ਸੁਖ ਸਾਂਤਿ ਸਹਜ ਅਨੰਦ ਭਏ ਪੂਰਨ ਭਈ ਸੇਵ।*

ਮੈਨੂੰ ਧਰਵਾਸ ਮਿਲੀ। ਮਨ ਸ਼ਾਂਤ ਹੋ ਗਿਆ ਗੁਰੂ ਦੇ ਹੁਕਮਨਾਮੇ ਤੇ ਯਕੀਨ ਆ ਗਿਆ। ਗੁਰੂ ਕਦੀ ਧੋਖਾ ਨਹੀਂ ਦੇਵੇਗਾ। ਐਸਾ ਹੁਕਮ ਦੇਣ ਤੋਂ ਬਾਅਦ ਹੁਣ ਕੈਂਸਰ ਨਹੀਂ ਹੋ ਸਕਦਾ। ਮਨ ਸ਼ੈਤਾਨ ਹੈ ਡੋਲ ਵੀ ਜਾਏ। ਰੋਵਾਂ ਤੇ ਰੋ ਰੋ ਕੇ ਗੁਰੂ ਨੂੰ ਆਖਾਂ "ਸਤਿਗੁਰੂ ਧੋਖਾ ਨਾ ਦੇਣਾ। ਤੇਰੀ ਬਾਣੀ ਝੂਠ ਹੋ ਹੀ ਨਹੀਂ ਸਕਦੀ। ਮੇਰਾ ਵਿਸ਼ਵਾਸ਼ ਨਾਂ ਤੋੜੀਂ। ਮੇਰੇ ਸੂਫੀ ਨੂੰ ਅਰੋਗ ਰੱਖੀਂ। ਉਨ੍ਹਾਂ ਦਿਨਾਂ ਵਿੱਚ ਘਬਰਾ ਕੇ ਡਾਕਟਰ ਜਾਗੀਰ ਸਿੰਘ ਜੀ ਨੂੰ ਵੀ ਚਿੱਠੀ ਲਿਖੀ ਕਿ ਤੁਸੀਂ ਅਰਦਾਸ ਕਰਨਾ। ਮੇਰਾ ਬਾਣੀ ਤੇ ਵਿਸ਼ਵਾਸ਼ ਨਾ ਟੁੱਟੇ। ਮੇਰਾ ਸੂਫੀ ਰਾਜ਼ੀ ਰਹੇ। ਸਤ ਦਿਨ ਬਾਦ ਸਰਜਰੀ ਕਰਨ ਤੋਂ ਪਹਿਲੇ ਜਦ ਡਾਕਟਰ ਨੇ ਚੈੱਕ ਕੀਤਾ ਤਾਂ ਵੇਖਿਆ ਉਹ ਟਿਊਮਰ ਹੈ ਹੀ ਨਹੀਂ ਸੀ। ਉਹ ਤਾਂ ਮਾਸ ਦੀ ਸੁਪਰ ਫੀਸ਼ੀਅਲ ਜਿਹੀ growth ਸੀ ਜੋ lump ਬਣ ਗਈ ਸੀ। ਉਹ ਤਾਂ ਸੁੰਗੜ ਗਿਆ ਸੀ ਤੇ ਟਿਊਮਰ ਕਦੀ ਸੁੰਗੜਦਾ ਨਹੀਂ। ਡਾਕਟਰ ਹੈਰਾਨ ਸੀ ਤੇ ਖੁਸ਼ ਵੀ। ਮੈਂ ਅੰਦਰੋਂ ਹੀ ਅੰਦਰ ਗੁਰੂ ਮਹਾਰਾਜ ਦੇ ਰੰਗ ਦੇਖ ਕੇ ਸ਼ੁਕਰਾਨੇ ਨਾਲ ਭਰੀ ਜਾ ਰਹੀ ਸਾਂ ਤੇ ਮੇਰੇ ਕੰਨਾਂ ਵਿੱਚ ਗੂੰਜ ਰਿਹਾ ਸੀ"

*ਆਪਣੇ ਬਾਲਕ ਆਪ ਰਖਿਅਨ..........*

ਉਹਨੇ ਮੇਰੇ ਵਿਸ਼ਵਾਸ਼ ਦੀ ਲਾਜ ਰੱਖ ਲਈ ਸੀ। ਹੁਕਮਨਾਮਾ ਕਦੀ ਝੂਠਾ ਨਹੀਂ ਹੁੰਦਾ। ਗੁਰੂ ਬੋਲਦਾ ਹੈ ਅਸੀਂ ਹੀ ਨਹੀਂ ਸਮਝਦੇ।

ਹੁਣ ਡੇਢ ਸਾਲ ਬਾਦ 5 ਅਗਸਤ ਨੂੰ ਦਿਨ ਦੇ ਦੋ ਵਜੇ ਸੂਫੀ ਤੇਜੀ ਨਾਲ ਰੋਟੀ ਖਾ ਰਿਹਾ ਸੀ ਤੇ ਫਿਰ ਉਹ ਰਜ ਕੇ ਖੇਡਿਆ। ਬੱਚਿਆਂ ਵਾਂਗ ਸ਼ਰਾਰਤਾਂ ਕਰਦਾ ਰਿਹਾ ਤੇ ਸਾਰੇ ਦੇਖ ਕੇ ਖੁਸ਼ ਹੋ ਰਹੇ ਸਨ। ਫਿਰ ਉਹ ਆਪਣੀ ਜਗਾ ਤੇ ਜਾਕੇ ਸੌ ਗਿਆ। ਮੈਂ 4 ਵਜੇ ਉਠਕੇ ਗੁਰੂ ਗ੍ਰੰਥ ਸਾਹਿਬ ਦੇ ਕਮਰੇ ਵਿੱਚ ਚਲੀ ਗਈ। ਪਾਠ ਕਰਦਿਆਂ ਮੈਨੂੰ ਇੱਕ ਦਰਦਨਾਕ vision ਦਿਖਾਈ ਦਿੱਤਾ ਕਿ ਸੂਫੀ ਗੁਜ਼ਰ ਗਿਆ ਹੈ ਤੇ ਅਸੀਂ ਉਸਨੂੰ ਘਰ ਦੇ ਬਾਹਰਲੇ ਲਾਅਨ ਵਿੱਚ ਦਬਾ ਰਹੇ ਹਾਂ। ਸਭ ਰੋ ਰਹੇ ਹਨ। ਮੈਂ ਕੰਬ ਗਈ ਤੇ ਪਾਠ ਛੱਡ ਗੁਰੂ ਗ੍ਰੰਥ ਸਾਹਿਬ ਨੂੰ ਪੁੱਛਣ ਲੱਗੀ 'ਹੇ ਵਾਹਿਗੁਰੂ ਜੀ! ਇਹ ਕੀ ਦਿਖਾ ਰਹੇ ਹੋ? ਫਿਰ ਪਾਠ ਕਰਾਂ, ਫਿਰ ਚੈਨ ਨਾ ਪਏ। ਇਹੀ ਕਹੀ ਜਾਵਾਂ ਬਾਬਾ ਜੀ ਮੇਰੇ ਸੂਫੀ ਤੇ ਆਂਚ ਨਾ ਆਏ। ਇਸਦੀ ਵੱਡੀ ਉਮਰ ਕਰਨਾ। ਪਰ ਅੰਦਰੋਂ ਪਤਾ ਨਹੀਂ ਮੈਨੂੰ ਕੀ ਹੋ ਗਿਆ ਸੀ ਤੇ ਫਿਰ ਉਹੀ ਹੋਇਆ ਜੋ ਸਤਿਗੁਰਾਂ ਨੇ ਦਿਖਾਇਆ ਸੀ 5 ਵਜੇ ਸਿਲਸਿਲਾ ਸ਼ੁਰੂ ਹੋ ਗਿਆ ਯਾਤਰਾ ਦਾ। ਸੂਫੀ ਨੇ 5 ਵਜੇ ਉਲਟੀਆਂ ਕਰਨੀਆਂ ਸ਼ੁਰੂ ਕੀਤੀਆਂ ਤੇ ਰਾਤ ਦੇ 8:30 ਵਜੇ ਤੱਕ ਕਰੀ ਗਿਆ ਤੇ ਨਿਢਾਲ ਹੋ ਗਿਆ ਡਾਕਟਰ ਆਏ ਟੀਕੇ ਲੱਗੇ। ਪਰ ਸਾਰੀ ਰਾਤ ਸੂਫੀ ਪ੍ਰੇਸ਼ਾਨ ਤੇ ਲੜਖੜਾਂਦਾ ਰਿਹਾ। ਸਾਰੀ ਰਾਤ ਅਸੀਂ ਅਰਦਾਸਾਂ ਕਰਦੇ ਰਹੇ ਪਾਠ ਕਰਦੇ ਰਹੇ ਰੱਬ ਦੇ ਤਰਲੇ ਕਰਦੇ ਰਹੇ। ਸਵੇਰਾ ਹੋਇਆ ਮੇਰਾ ਵੀਰ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਨ ਗਿਆ ਤੇ ਅਰਦਾਸ ਕੀਤੀ-

*ਕੀਤਾ ਕਰਣਾ ਸਰਬ ਰਜਾਈ*
*ਕਿਛੁ ਕੀਚੈ ਜੇ ਕਰਿ ਸਕੀਐ।*
*ਆਪਣਾ ਕੀਤਾ ਕਿਛੂ ਨਾ ਹੋਵੈ*
*ਜਿਉ ਹਰਿ ਭਾਵੈ ਤਿਉ ਰਖੀਐ॥*
*ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ॥*
*ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਿਹ*
*ਜਿਉ ਭਾਵੈ ਤਿਵੈ ਬਖਸ॥*

ਮੇਰੇ ਅੰਦਰੋਂ ਖੋਹ ਪਈ ਇਹ ਕੈਸਾ ਹੁਕਮ ਦਿੱਤਾ ਹੈ ਵਾਹਿਗੁਰੂ ਨੇ। ਹੁਕਮ ਅਟਲ ਹੈ ਵਕਤ ਆ ਗਿਆ ਹੈ। ਪਰ ਮਨ ਨ ਮੰਨੇ। ਮੋਹ ਵਿੱਚ ਫਸਿਆ ਦਿਲ ਰਬ ਅੱਗੇ ਪੁਕਾਰੀ ਜਾਏ। ਗੁਰੂ ਹਰਿਕ੍ਰਿਸ਼ਨ ਨੂੰ ਆਵਾਜ਼ਾਂ ਮਾਰੀ ਜਾਵਾਂ। ਆਓ ਮੇਰੇ ਹਰਿਕ੍ਰਿਸ਼ਨ ਮੇਰੀ ਸੂਫੀ ਨੂੰ ਬਚਾ ਦਿਉ। ਮੇਰੇ ਸੂਫੀ ਦਾ ਦੁਖ ਕੱਟੋ।

ਸਾਰਾ ਪਰਿਵਾਰ ਰੋਂਦਿਆਂ ਸੂਫੀ ਦੀ ਸੇਵਾ ਕਰਦਾ ਰਿਹਾ ਅਰਦਾਸਾਂ-

*ਅਵਰ ਉਪਾਵ ਸਭ ਤਿਆਗਿਆ...*

ਤੇ ਪਤਾ ਨਹੀ ਹੋਰ ਕੀ ਕੀ ਪੁਕਾਰਿਆ ਸਭ ਨੇ। ਡਾਕਟਰ ਆਪਣੀ ਕੋਸ਼ਿਸ਼ ਕਰੀ ਜਾਣ। ਪਰ ਸੂਫੀ ਮੇਰੇ ਹੱਥਾਂ ਵਿੱਚ ਤੜਫਦਾ ਰਿਹਾ। ਸਾਹ ਖਿੱਚੀ ਜਾਏ ਤੇ ਭੋਲੀਆਂ ਅੱਖਾਂ ਨਾਲ ਸਾਡੇ ਸਭ ਵੱਲ ਵੇਖੀ ਜਾਏ। ਕੁਝ ਕਹਿ ਨਾ ਸਕੇ ਪਰ ਅੱਖਾਂ ਤਾਂ ਬੋਲਦੀਆਂ ਸਨ। ਉਸਦੇ ਅੰਦਰ ਦਾ ਦਰਦ ਤੇ ਬੇਬਸੀ ਉਸਦੀਆਂ ਨਜ਼ਰਾਂ ਵਿੱਚ ਸੀ ਤੇ ਅਸੀਂ ਤੜਫ ਰਹੇ ਸਾਂ ਅੰਦਰੋਂ ਅੰਦਰ। ਮੈਂ ਚੀਕਦੀ

ਰਹੀ ਹਰਿਕ੍ਰਿਸ਼ਨ ਜੀਉ ਆਉ। ਤੁਹਾਨੂੰ ਆਨਾ ਪਵੇਗਾ ਦ੍ਰੋਪਦੀ ਲਈ ਆਏ ਸੋ ਅੱਜ ਮੇਰੇ ਲਈ ਆਉ ਮੇਰੇ ਸੂਫੀ ਨੂੰ ਬਚਾ ਲਓ। ਅੰਦਰੋਂ ਆਵਾਜ਼ ਆਏ-

*ਅਸਾਂ ਜੋਰ ਨਾਹੀ ਜੇ ਕਿਛੁ ਕਰ ਹਮ ਸਾਕੈ*

ਪਰ ਮਨ ਮੰਨੇ ਨਾਂ। ਸਭ ਲੱਗੇ ਰਹੇ 7:30 ਵਜੇ ਸੂਫੀ ਸਾਹ ਖਿਚਦਿਆਂ ਮੇਰੇ ਹੱਥਾਂ ਵਿੱਚੋਂ ਡਿਗ ਪਿਆ ਤੇ ਬੇਹੋਸ਼ ਹੋ ਗਿਆ। ਮੇਰੇ ਅੰਦਰੋਂ ਕੁਝ ਟੁੱਟਿਆ ਪਰ ਮੈਂ ਉਸਦੇ ਬੇਜਾਨ ਜਿਹੇ ਸ਼ਰੀਰ ਤੇ ਹੱਥ ਫੇਰਦੀ ਵਾਹਿਗੁਰੂ ਵਾਹਿਗੁਰੂ ਕਰੀ ਗਈ। ਫਿਰ ਅਚਾਨਕ ਮੇਰੇ ਅੰਦਰੋਂ ਅਰਦਾਸ ਚੁਪ ਹੋ ਗਈ ਮੂੰਹੋਂ ਵਾਹਿਗੁਰੂ ਨਾ ਨਿਕਲੇ। ਮੈਂ ਸਮਝ ਗਈ ਉਸ ਵਕਤ ਦੀ ਘੜੀ ਆ ਗਈ ਜਿਹਨੇ ਸੂਫੀ ਨੂੰ ਲੈ ਜਾਣਾ ਸੀ। ਉਸਦੇ ਮੂੰਹ ਵਿੱਚ ਬੰਗਲਾ ਸਾਹਿਬ ਦਾ ਅੰਮ੍ਰਿਤ ਪਾਇਆ। ਕੁਝ ਸਮਾਂ ਫੇਰ ਸੂਫੀ ਚੀਕਦਾ ਰਿਹਾ ਫਿਰ ਹੌਲੀ ਹੌਲੀ ਜਾਨ ਨਿਕਲਣ ਲੱਗੀ। ਮੈਂ ਆਪਣੇ ਭੋਲੇ ਭਾਲੇ ਪਿਆਰੇ ਜਿਹੇ ਸੂਫੀ ਨੂੰ ਖਤਮ ਹੋਂਦਿਆਂ ਦੇਖ ਰਹੀ ਸਾਂ ਬੇਬਸੀ ਨਾਲ। ਐਸਾ ਦਰਦਨਾਕ ਨਜਾਰਾ ਸੀ। ਉਸਦੇ ਮੂੰਹ ਤੇ ਉਹੀ ਭੋਲੀ ਪਵਿੱਤਰਤਾ, ਪਰ ਅਚਿੰਤੇ ਬਾਜ ਆ ਚੁੱਕੇ ਸਨ। 8:20 ਦੇ ਕਰੀਬ ਮੇਰਾ ਸੂਫੀ ਚਲਾ ਗਿਆ। ਸਤਿਗੁਰਾਂ ਦੇ ਕੋਲ ਤੇ ਅਸੀਂ ਰੋਂਦੇ ਰਹਿ ਗਏ।

ਹੁਕਮ ਅਟੱਲ ਹੈ। ਦੋਨੋਂ ਵਾਰੀ ਪ੍ਰਤੱਖ ਰੂਪ ਵਿੱਚ ਗੁਰੂ ਬੋਲੇ ਸਨ। ਪਹਿਲੀ ਵਾਰ-

*'ਆਪਣੇ ਬਾਲਕ ਆਪ ਰਖਿਅਨੁ'*

*ਤੇ ਹੁਣ 'ਅਸਾਂ ਜੋਰ ਨਾਹੀ'...*

ਗੁਰੂ ਗ੍ਰੰਥ ਸਾਹਿਬ ਪ੍ਰਗਟ ਗੁਰਾਂ ਕੀ ਦੇਹ ਬੋਲਦੀ ਹੈ ਅਸੀਂ ਸੁਣਕੇ ਵੀ ਨਾ ਸਮਝ ਬਣਦੇ ਹਾਂ। ਅਗਲੀ ਸਵੇਰ ਸੂਫੀ ਨੂੰ ਦਬਾ ਦਿੱਤਾ ਗਿਆ ਬਾਣੀ ਪੜ੍ਹਦਿਆਂ ਸਾਰਾ ਘਰ ਸੁੰਨਸਾਨ ਹੋ ਗਿਆ। ਸ਼ਾਮ ਨੂੰ ਅਚਾਨਕ ਡਾ. ਜਾਗੀਰ ਸਿੰਘ ਜੀ ਸ੍ਰੀ ਅੰਮ੍ਰਿਤਸਰ ਤੋਂ ਆਂਦਿਆਂ ਸਾਨੂੰ ਮਿਲਣ ਲਈ ਆਏ। ਘੰਟੇ ਲਈ ਸਾਡੇ ਕੋਲ ਰੁਕੇ। ਇੱਥੇ ਪਹੁੰਚ ਉਹਨਾਂ ਨੂੰ ਸੂਫੀ ਬਾਰੇ ਪਤਾ ਲੱਗਾ। ਸਾਰਾ ਪਰਿਵਾਰ ਉਦਾਸ ਸੀ ਰੋ ਰਿਹਾ ਸੀ। ਉਹਨਾਂ ਨੇ ਸੂਫੀ ਦੀ ਯਾਦ ਵਿੱਚ ਸਭ ਨੂੰ ਬਿਠਾਕੇ ਰਹਿਰਾਸ ਸਾਹਿਬ ਦਾ ਪਾਠ ਕੀਤਾ ਤੇ ਉਸਦੀ ਆਤਮਾ ਲਈ ਅਰਦਾਸ ਕੀਤੀ ਮੈਨੂੰ ਯਕੀਨ ਹੈ ਗੁਰਮੁਖ ਡਾਕਟਰ ਸਾਹਿਬ ਦੀ ਅਰਦਾਸ ਬਿਰਥੀ ਨਹੀਂ ਜਾ ਸਕਦੀ। ਅਕਾਲ ਪੁਰਖ ਨੇ ਸੂਫੀ ਨੂੰ ਰੱਜ ਕੇ ਪਿਆਰ ਦਿੱਤਾ ਹੋਣੈਂ ਤੇ ਆਪਣੇ ਚਰਨਾਂ ਵਿੱਚ ਰੱਖ ਲਿਆ ਹੋਣੈਂ।

ਜਾਣ ਲੱਗਿਆਂ ਉਨ੍ਹਾਂ ਨੇ ਸਾਨੂੰ ਆਪਣੀ ਕੈਸਟ 'ਅਚਿੰਤੇ ਬਾਜ ਪਏ' ਦਿੱਤੀ। ਇੰਝ ਲਗਾ ਇਹ ਕੈਸਟ ਸੂਫੀ ਲਈ ਹੀ ਬਣੀ ਹੋਏ। ਡਾਕਟਰ ਸਾਹਿਬ ਨੇ ਡੂੰਘੇ ਬੈਰਾਗ ਚੋਂ ਇਹ ਸ਼ਬਦ ਪੜ੍ਹੇ ਨੇ-

*ਕੇਲ ਕਰੇਂਦੇ ਹੰਝ ਨੂੰ ਅਚਿੰਤੇ ਬਾਜ ਪਏ।*
*ਬਾਜ ਪਏ ਤਿਸ ਰਬ ਦੇ ਕੇਲਾਂ ਵਿਸਰੀਆਂ*
*ਜੋ ਮਨ ਚਿਤ ਨ ਚੇਤੇ ਸਨ ਸੋ ਗਾਲੀ ਰਬ ਕੀਆਂ*

ਇੱਕ ਵਾਰੀ ਫਿਰ ਗੁਰਬਾਣੀ ਨੇ ਸਚਾਈ ਦਾ ਗਿਆਨ ਕਰਾਇਆ ਮੇਰਾ ਸੂਫੀ 2:30 ਵਜੇ ਖੇਡਦਾ ਪਿਆ ਸੀ। 5 ਵਜੇ ਉਸਨੇ ਦੂਜੇ ਪਾਸੇ ਸਫਰ ਸ਼ੁਰੂ ਕਰ ਲਿਆ ਤੇ ਸਭ ਕੇਲਾਂ ਵਿਸਰੀਆਂ। ਦਿਨ ਰਾਤ ਸੂਫੀ ਦੀ ਯਾਦ ਸਤਾਂਦੀ ਹੈ ਸਾਰਾ ਘਰ ਉਦਾਸ ਹੈ। ਪਰ ਸਮਝ ਆਈ ਕਿ ਬਿਨਾਂ ਸਮਝੇ ਗਿਲੇ ਸ਼ਿਕਵੇ ਕਰਦਿਆਂ ਜੀਵਨ ਬਿਤਾ ਦਿੰਦੇ ਹਾਂ। ਹੁਕਮ ਮੰਨਣਾ ਪੈਂਦਾ ਹੈ ਹੋਰ ਕੋਈ ਚਾਰਾ ਨਹੀਂ। ਇੱਕੋ ਸਵਾਲ ਬਾਰ ਬਾਰ ਸਤਾਂਦਾ ਹੈ ਕਲੇਜੇ ਨੂੰ ਬਾਰ ਬਾਰ ਖੋਹ ਪੈਂਦੀ ਹੈ ਕਿ ਇੰਨੇ ਸਾਧੂ ਸੁਭਾ ਦਾ ਸੂਫੀ ਨੇ 27 ਘੰਟੇ ਇਤਨਾ ਕਸ਼ਟ ਕਿਉਂ ਸਹਿਆ। ਫਿਰ ਅਖੀਰਲਾ 1:30 ਘੰਟਾ ਉਸਦੀ ਜਾਨ ਇੰਨੀ ਸਹਿਕ ਸਹਿਕ ਕੇ ਕਿਉਂ ਨਿਕਲੀ? ਇੰਨਾਂ ਕਸ਼ਟ ਕਿਉਂ ਪਾਇਆ ਉਸਨੇ? ਉਸ ਵਰਗੀ ਪਿਆਰੀ ਆਤਮਾਂ ਨੂੰ ਤਾਂ ਚੁਪਚਾਪ ਆਰਾਮ ਨਾਲ ਚਲੇ ਜਾਣਾ ਚਾਹੀਦਾ ਸੀ। ਬਸ ਇਹੀ ਤਾਂ ਉਸਦੇ ਰੰਗ ਸਾਨੂੰ ਸਮਝ ਨਹੀਂ ਆਂਦੇ। ☬


ਪੂਰੈ ਭਾਗਿ ਗੁਰ ਸੇਵਾ ਹੋਵੈ ਗੁਰ ਸੇਵਾ ਤੇ ਸੁਖੁ ਪਾਵਣਿਆ॥

HELP NEEDY

ਸੇਵਕਸ' ਚੈਰੀਟੇਬਲ ਟਰਸਟ (ਰਜਿ.)

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ

PHONES : 701238, 713915, 701396

HELP NEEDY

IN THE SERVICE OF HUMANITY

# ਤੇਰੇ ਨਾਮ ਅਨੇਕਾ ਰੂਪ ਅਨੰਤਾ


## ਪ੍ਰੋ. ਬਲਵਿੰਦਰ ਸਿੰਘ

658-ਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ


ਜਿਉਂ ਜਿਉਂ ਕਰਤੇ ਦੇ ਕਾਰਜ ਦੇਖਦੇ ਹਾਂ ਉਸ ਅਨੁਸਾਰ ਉਸਦਾ ਨਾਮਕਰਨ ਕਰਦੇ ਜਾਂਦੇ ਹਾਂ। ਉਸਦੇ ਕਾਰਜ ਅਨੇਕ ਹਨ ਅਤੇ ਰੂਪ ਅਨੰਤ ਹਨ। ਸਾਰੀ ਸ੍ਰਿਸ਼ਟੀ ਤੇ ਬ੍ਰਹਿਮੰਡ ਨੂੰ ਉਸਨੇ ਸੰਭਾਲਿਆ ਹੋਇਆ ਹੈ। ਸਾਰਾ ਜਗਤ ਉਸਨੇ ਆਪਣੇ ਸੂਤ ਵਿੱਚ ਪਰੋਇਆ ਹੋਇਆ ਹੈ ਤੇ ਆਪ ਜੋਤ ਰੂਪ ਨਿਰੰਕਾਰ ਹੈ। ਹੁਕਮ ਹੈ-

*ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ॥*
*ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ॥*

ਰਾਗ ਗੁਜਰੀ ਮਹਲਾ 5

ਉਹ ਭਵਜਲ ਵਿੱਚ ਆਪੇ ਹੀ ਪਾਉਂਦਾ ਹੈ ਅਤੇ ਆਪ ਹੀ ਭਵਜਲ ਪਾਰ ਕਰਦਾ ਹੈ। ਉਹ ਦਾਤਾਂ ਦਿੰਦਾ ਹੈ ਦਾਤਾਰ ਹੈ। ਜਨਮ ਦਿੰਦਾ ਹੈ ਉਹ ਖਾਲਕ ਹੈ। ਪਾਲਦਾ ਹੈ, ਪ੍ਰਿਤਪਾਲਕ ਹੈ। ਮਾਰਦਾ ਹੈ ਘਾਲਕ ਹੈ। ਸਭ ਰਚਨਾ ਉਸਦੀ ਹੈ। ਉਹ ਰਚਨਹਾਰ ਹੈ-

*"ਸਾਧੋ ਰਚਨਾ ਰਾਮ ਬਨਾਈ"*

ਅਤੇ ਇਸ ਰਚਨਾ ਦਾ ਮਾਲਕ ਹੈ। ਨਦੀਆਂ, ਨਾਲੇ, ਸਮੁੰਦਰ, ਸਾਗਰ, ਪਰਬਤ ਸਭ ਉਸਨੇ ਆਪਣੇ ਇੱਕੋ ਕੁਆਓ ਨਾਲ ਬਣਾਏ ਹਨ। ਉਹ ਭਿੰਨ ਭਿੰਨ ਰੂਪਾਂ ਵਿੱਚ ਕੀ ਕੀ ਕਰ ਰਿਹਾ ਹੈ, ਸਾਨੂੰ ਉਸਦਾ ਰਤਾ ਜਿੰਨਾਂ ਵੀ ਗਿਆਨ ਨਹੀਂ। ਧਰਤੀ ਦੇ ਗਰਭ ਵਿੱਚ ਕੀ ਵਾਪਰਦਾ ਹੈ ਕਿ ਭੁਚਾਲ ਆ ਜਾਂਦਾ ਹੈ। ਉਹ ਸਾਗਰ ਦੇ ਅੰਦਰ ਟਿੱਬੇ ਤੇ ਥਲਾਂ ਨੂੰ ਸੰਭਾਲੀ ਬੈਠਾ ਹੈ। ਸਾਗਰ ਦੀ ਸਤਾਹ ਉੱਤੇ ਲਹਿਰਾਂ, ਲਹਿਰਾਂ ਉੱਤੇ ਭਿੰਨ ਭਿੰਨ ਪ੍ਰਕਾਰ ਦੇ ਦਬਾਅ ਤੇ ਫਿਰ ਜਵਾਰਭਾਟੇ, ਭੂਚਾਲ ਤੇ ਚੱਕਰਵਾਤੀ ਉਹ ਸਿਰਜਨਹਾਰ ਕਿੰਨੀਆਂ ਧਰਤੀਆਂ ਰੋਜ਼ ਬਣਾ ਰਿਹਾ ਹੈ ਤੇ ਕਿਤਨੀਆਂ ਹੀ ਤਬਾਹ ਕਰ ਰਿਹਾ ਹੈ। ਉਹ ਆਪੇ ਵਿਚਾਰਦਾ ਹੈ ਤੇ ਆਪੇ ਹੀ ਬੁਝਦਾ ਹੈ। ਉਹ ਇੱਕ ਖਿਨ ਵਿੱਚ ਕੁਦਰਤ ਰੂਪ ਹੋ ਕੇ ਅਨੇਕਾਂ ਰੂਪ ਧਾਰਦਾ ਹੈ। ਹੁਕਮ ਹੈ -

*ਆਪਿ ਉਪਾਵਣ ਹਾਰ ਆਪੇ ਹੀ ਮਾਰਦਾ॥*
*ਸਭ ਕਿਛੁ ਜਾਣੈ ਜਾਣੁ ਬੁਝਿ ਵੀਚਾਰਦਾ॥*
*ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ॥*
*ਜਿਸਨੋ ਲਾਇ ਸਚਿ ਤਿਸਹਿ ਉਧਾਰਦਾ॥*

(ਰਾਗ ਗੁਜਰੀ ਵਾਰ ਮਹਲਾ 5)

ਸਚ ਸਰੂਪ, ਸੱਚ ਸਤਿਨਾਮ ਵਾਹਿਗੁਰੂ ਜਿਸ ਤੇ ਕਿਰਪਾ ਕਰੇ ਉਸਨੂੰ ਆਪਣਾ ਰੰਗ ਤੇ ਰੂਪ ਬਖਸ਼ਿਸ਼ ਕਰ ਕੇ ਉਸਦਾ ਉਧਾਰ ਕਰ ਦਿੰਦਾ ਹੈ। ਜੋ ਜੋ ਕੁਝ ਉਹ ਕੁਦਰਤ ਰੂਪ ਹੋ ਕੇ ਕਰ ਰਿਹਾ ਹੈ ਉਸ ਮੁਤਾਬਕ ਉਸਦੇ ਨਾਂ ਬਣਦੇ ਜਾਂਦੇ ਹਨ। ਉਸਦਾ ਘੇਰਾ ਅਨੰਤ ਹੈ ਉਹ ਆਪ ਬੇਅੰਤ ਹੈ। ਉਸਦੇ ਚੀਰੇ ਦਾ ਕੋਈ ਨਾਪ ਮੇਚ ਨਹੀਂ। ਕੋਈ ਉਹਦੇ ਜਿੱਡਾ ਵੱਡਾ ਹੋਵੇ ਤਾਂ ਉਸਦੀ ਵਡਿਆਈ ਨੂੰ ਬਿਆਨ ਕਰੇ।

ਉਸਦਾ ਆਦਿ ਕਿੱਥੇ ਹੈ? ਕਿਸੇ ਨੂੰ ਨਹੀਂ ਪਤਾ। ਉਹ ਅਨਾਦ ਹੈ। ਉਸਦਾ ਅੰਤ ਵੀ ਕੋਈ ਨਹੀਂ ਜਾਣਦਾ। ਉਹ ਅਨੰਤ ਹੈ ਬੇਅੰਤ ਹੈ। ਉਹ ਘੜਦਾ, ਭੰਨਦਾ, ਲੁਕਦਾ, ਜਾਹਿਰ, ਬਾਤਨ, ਅੰਦਰ, ਬਾਹਰ ਸਭਨੀ ਥਾਂਹੀ ਵਿਚਰ ਰਿਹਾ ਹੈ। ਉਹ ਕੀ ਕਰਨਾ ਚਾਹੁੰਦਾ ਹੈ ਇਸਦੀ ਸਲਾਹ ਉਹ ਕਿਸੇ ਨਾਲ ਨਹੀਂ ਕਰਦਾ। ਉਹ ਕੋਈ ਸਭਾ ਬਿਠਾ ਕੇ ਮਤਾ ਮਹੂਰਤ ਵੀ ਨਹੀਂ ਕਰਦਾ। ਕਦੋਂ ਉਸਨੇ ਕਿਹੜਾ ਕਾਰਜ ਨਵਾਂ ਛੋਹਣਾ ਹੈ ਇਸਦੇ ਮਹੂਰਤ ਦੀ ਉਸਨੂੰ ਕੋਈ ਜ਼ਰੂਰਤ ਨਹੀਂ। ਕਿਸੇ ਸੂਰਤ ਦਾ ਖਾਕਾ ਬਨਾਉਣਾ ਤੇ ਫਿਰ ਉਸ ਬਣਤਰ ਨੂੰ ਖਾਕ ਵਿੱਚ ਰਲਾ ਦੇਣ ਸਬੰਧੀ ਉਹ ਆਪ ਹੀ ਜਾਣਦਾ ਹੈ। ਉਸਦਾ ਅੰਦਾਜ਼ਾ ਕੋਈ ਕਰ ਹੀ ਨਹੀਂ ਸਕਦਾ। ਉਹ ਜਿਸ ਤੇ ਮਿਹਰਬਾਨ ਹੋ ਜਾਏ ਉਸਨੂੰ ਬੁਝਾਏ ਇਹ ਉਸਦੀ ਰਜਾਏ ਹੈ।

ਉਸਦੇ ਅਨੇਕਾਂ ਗੁਣ ਹਨ। ਉਸਦੇ ਕਾਰਜ ਕਲਾਪਾਂ ਵਿੱਚ ਇਤਨੀ ਸਵੈ-ਵਿਰੋਧਤਾ ਹੈ ਕਿ ਬੰਦਾ ਭੰਬਲਭੂਸੇ ਖਾਣ ਲੱਗ ਪੈਂਦਾ ਹੈ। ਗੁਆਚ ਹੀ ਜਾਂਦਾ ਹੈ। ਬਹੁਤੇ ਸਿਆਣੇ ਤਾਂ ਉਸਦੀ ਹੋਂਦ ਤੋਂ ਮੁਨਕਰ ਹੋ ਜਾਂਦੇ ਹਨ। ਉਹ ਅਪਹੁੰਚ ਹੈ। ਉਸਦੀ ਸ਼ਕਤੀ ਅਮਿਤ ਹੈ, ਉਹ ਅਮਿੱਟ ਹੈ। ਉਸਦੀ ਵਿਵਧਤਾ ਜਦ ਸਵੈ-ਵਿਰੋਧਤਾ ਬਣ ਕੇ ਸਾਹਮਣੇ ਆਉਂਦੀ ਹੈ ਤਾਂ ਬੰਦਾ ਦੀਵਾਨਾ ਤੇ ਬਾਉਰਾ ਹੋ ਜਾਂਦਾ ਹੈ। ਹਤਾਸ਼ ਹੋ ਜਾਂਦਾ ਹੈ। ਗੋਰਖ ਧੰਦੇ ਜਿਹੇ ਵਿੱਚ ਫਸ ਕੇ ਕਾਫਰ ਹੋ ਜਾਂਦਾ ਹੈ। ਤਦੋਂ ਇੱਕ ਦੀਵਾਨਗੀ ਜਿਹੀ ਪੈਦਾ ਹੋ ਜਾਂਦੀ ਹੈ ਤੇ ਜੇ ਗੁਰੂ ਨਾਨਕ ਵਰਗਾ ਕਾਮਿਲ ਗੁਰੂ ਪੂਰਨ ਪੁਰਖ ਗੁਰਦੇਵ ਸਾਹਮਣੇ ਹੋਵੇ ਤਾਂ ਉਸ ਦੀਵਾਨਗੀ ਵਿੱਚੋਂ ਵੀ ਇੱਕ ਭੈਅ ਜਾਂ ਅਨੁਸ਼ਾਸਨ ਪੈਦਾ ਹੋ ਜਾਂਦਾ ਹੈ। ਤਦੋਂ ਅਨੰਦਿਤ ਹੋਇਆ ਮਨ ਗੁਰੂ ਨਾਨਕ ਦਾ ਅਨੁਸਰਣ ਕਰ ਕਹਿ ਉਠਦਾ ਹੈ-

*ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥*
*ਏਕੀ ਸਾਹਿਬ ਬਾਹਰਾ ਦੂਜਾ ਅਵਰ ਨ ਜਾਣੈ ਕੋਇ॥*

(ਮਾਰੂ ਮਹਲਾ 1)

ਬਸ ਜਦੋਂ ਉਹ ਇੱਕ ਸਭਨੀਂ ਪਾਸੀਂ ਵਿਸਤਰਿਤ ਦਿਸਣ ਲੱਗ ਜਾਂਦਾ ਹੈ ਤਾਂ ਇੱਕ ਦੇ ਇੱਕੋ-ਇੱਕ ਕੇਂਦਰ ਉੱਤੇ ਰੁਕ ਕੇ ਪੁਕਾਰ-ਪੁਕਾਰ ਕੇ ਕਹਿਣ ਲੱਗ ਜਾਂਦਾ ਹੈ-

*ਤੇਰੇ ਨਾਮ ਅਨੇਕਾ ਰੂਪ ਅਨੰਤਾ*

ਵੇਸਾਂ ਭੇਸਾਂ ਤੇ ਦੇਸਾਂ ਦੇ ਹੱਦ ਬੰਨੇ ਹਟ ਜਾਂਦੇ ਹਨ। ਵਲੈਇਤਾਂ ਦੀਆਂ ਫੇਰੀਆਂ ਭਰਮ ਵਿੱਚ ਭੁੱਲ ਆਪਣੇ ਹੀ ਦੁਆਲੇ ਗੇੜਿਆਂ ਦੀ ਲੋੜ ਨਹੀਂ ਰਹਿੰਦੀ। ਮਹਿਲ ਮਾੜੀਆਂ, ਹਾਥੀ ਘੋੜੇ, ਨਿੱਕੇ-ਨਿੱਕੇ ਤੇ ਹੇਚ ਜਾਪਣ ਲੱਗ ਪੈਂਦੇ ਹਨ। ਪੀਰ ਪੈਗੰਬਰ ਤੇ ਸਾਲਿਕ ਸਾਧਿਕ ਉਸ ਤੋਂ ਪ੍ਰਾਪਤ ਕੀਤੇ ਚਾਨਣ ਨਾਲ ਪ੍ਰਕਾਸ਼ਮਾਨ ਹੋ ਜਾਂਦੇ ਹਨ। ਬਸਤਰ ਆਦਿ ਤਿਆਗ ਕੇ ਖੱਲ੍ਹਾਂ ਓੜਣ ਦੀ ਅਵੱਸ਼ਕਤਾ ਨਹੀਂ ਰਹਿੰਦੀ। ਖਲੜੀ-ਖਪਰੀ, ਲਕੜੀ-ਚਮੜੀ ਅਤੇ ਸਿਖਾ-ਸੂਤ ਧੋਤੀਆਂ ਬੇਕਾਰ ਜਿਹੀਆਂ ਲੱਗਣ ਲੱਗ ਪੈਂਦੀਆਂ ਹਨ। ਆਤਮਾਵਾਂ ਧੋਤੀਆਂ ਜਾਂਦੀਆਂ ਹਨ ਅਤੇ 'ਊਜਲ ਕਰਤੇ' ਦਾਤਾਰ ਦਾ ਊਜਲਾ ਰੰਗ ਮਨੁੱਖ ਨੂੰ ਉਜਲ ਦੀਦਾਰ ਬਣਾ ਦਿੰਦਾ ਹੈ। ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਕਿ ਗੁਰਸਿੱਖ ਭੀਤਰੀ ਤੇ ਬਾਹਰੀ ਸੁਆਂਗਾਂ ਦਾ ਤਿਆਗ ਕਰਕੇ ਨਿਰੰਕਾਰ ਰੂਪ ਹੀ ਹੋ ਜਾਂਦਾ ਹੈ ਅਤੇ ਨਿਰੰਕਾਰੀ ਬਾਬਾ ਜੀ ਗੁਰੂ ਨਾਨਕ ਸਾਹਿਬ ਦਾ ਅਨੁਸਾਰੀ ਹੋ ਕੇ ਗਾਉਣ ਲੱਗ ਜਾਂਦਾ ਹੈ।

ਤਉ ਕਾਰਣਿ ਸਾਹਿਬਾ ਰੰਗਿ ਰਤੇ॥
ਤੇਰੇ ਨਾਮ ਅਨੇਕਾ ਰੂਪ ਅਨੰਤਾ
ਕਹਣੁ ਨ ਜਾਹੀ ਤੇਰੇ ਗੁਣ ਕੇਤੇ॥
(ਆਸਾ ਘਰ 4 ਮਹਲਾ 1)

ਗੁਰੂ ਗ੍ਰੰਥ ਸਾਹਿਬ ਅੰਦਰ ਅਕਾਲ ਪੁਰਖ ਦੇ ਅਣਗਿਣਤ ਗੁਣਾਂ ਅਨੁਸਾਰ ਉਸਦੇ ਨਾਵਾਂ ਦਾ ਜਿਕਰ ਕੀਤਾ ਗਿਆ ਹੈ।

**ਲੇਖਕਾਂ ਲਈ ਬੇਨਤੀ**

ਪਾਠਕਾਂ ਦੀ ਜਾਣਕਾਰੀ ਲਈ ਲੇਖਕ ਆਪਣਾ ਜੀਵਨ-ਵੇਰਵਾ, ਜਨਮ ਮਿਤੀ, ਪਿਤਾ/ਮਾਤਾ ਦਾ ਨਾਮ, ਜਨਮ ਸਥਾਨ, ਸਿਖਿਆ, ਕੰਮ/ਕਿੱਤਾ, ਪ੍ਰਕਾਸ਼ਿਤ ਪੁਸਤਕਾਂ ਦਾ ਵੇਰਵਾ, ਹੋਰ ਪ੍ਰਾਪਤੀਆਂ, ਸ਼ੌਕ ਆਦਿ ਭੇਜਣ ਦੀ ਖੇਚਲ ਕਰਨ।

Kalmi Chicken
Ho Ya Phir Balti Daal,
You Can Have It All!
at
**Noor Restaurant**



Give a lavish treat to your tastebuds with lip smacking vegetarian/non-vegetarian multi cuisine
Relish tempting rumaali roti and tandoori delights.
Nutritious health food for the diet conscious.
All this comes from our clean and hygienic kitchen

**Hotel Pankkaj**

S.C.O. 801-802, Sector 22 (Opp. Shivalikview), Chandigarh Phone: 709891-92

# ਪੁਸਤਕ ਸਮੀਖਿਆ


## ਡਾ. ਗੁਰਮੀਤ ਸਿੰਘ ਬੈਦਵਾਣ

ਪਿੰਡ ਬਾਸੀਆਂ ਬੈਦਵਾਣ ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)


**ਪੁਸਤਕ :** ਦਸਮ ਗੁਰੂ ਬਾਣੀ ਸੰਚਾਰ **ਲੇਖਕ :** ਡਾ. ਅੰਮ੍ਰਿਤਪਾਲ ਕੌਰ **ਪੰਨੇ :** 148

**ਕੀਮਤ :** 130 ਰੁਪਏ **ਪ੍ਰਕਾਸ਼ਕ :** ਪਬਲੀਕੇਸ਼ਨ ਬਿਓਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਿੱਖਿਆ ਖੇਤਰ ਦੇ ਚਰਾਗਾਂ ਨੂੰ ਜਗਦੇ ਰੱਖਣ ਲਈ ਇਹਨਾਂ ਵਿੱਚ ਚਿੰਤਨ ਚੇਤਨਾ ਦਾ ਤੇਲ ਪਾਉਂਦੇ ਰਹਿਣਾ ਬੜਾ ਜ਼ਰੂਰੀ ਹੈ। ਜਿਹੜੇ ਇਨਸਾਨ ਆਪਣੀ ਨੌਕਰੀ ਦੇ ਨਾਲ ਨਾਲ ਆਪਣੇ ਕੰਮ ਕਾਜ ਦੀ ਸਾਰਥਕਤਾ ਬਣਾਈ ਰੱਖਣ ਲਈ ਗਾਹੇ ਬਗਾਹੇ ਯਤਨ ਕਰਦੇ ਰਹਿੰਦੇ ਹਨ ਉਹ ਸਹੀ ਅਰਥਾਂ ਵਿੱਚ ਆਪਣੇ ਪੇਸ਼ੇ ਨਾਲ ਇਨਸਾਫ ਕਰ ਰਹੇ ਹੁੰਦੇ ਹਨ। ਡਾ. ਅੰਮ੍ਰਿਤਪਾਲ ਕੌਰ, (ਰੀਡਰ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਜਿਹੀ ਹੀ ਉਦਮੀ ਸਖਸ਼ੀਅਤ ਦੀ ਮਾਲਕ ਹੈ, ਜਿਸਨੇ ਹਥਲੀ ਪੁਸਤਕ 'ਦਸ਼ਮ ਗੁਰੂ ਬਾਣੀ ਸੰਚਾਰ' ਨੂੰ ਤਿਆਰ ਕਰਨ ਹਿਤ ਡੂੰਘੀ ਸੂਝ, ਨੀਝ ਅਤੇ ਮੌਲਿਕ ਵਿਚਾਰਾਂ ਨਾਲ ਲਬਰੇਜ਼ ਵਿਗਿਆਨਿਕ ਪਹੁੰਚ ਨੂੰ ਆਧਾਰ ਬਣਾਇਆ ਹੈ। ਪੁਸਤਕ ਵਿੱਚ ਲੇਖਕਾ ਨੇ ਦਸਮ ਗੁਰੂ ਦੀ ਬਾਣੀ ਦੇ ਵਿਭਿੰਨ ਪੱਖਾਂ ਦਾ ਇਸਦੀ ਸੰਚਾਰ ਪ੍ਰਕਿਰਿਆ ਦੇ ਪ੍ਰਸੰਗ ਵਿੱਚ ਨਿਵੇਕਲੀ ਕਿਸਮ ਦਾ ਵਿਸ਼ਲੇਸ਼ਣ ਕੀਤਾ ਹੈ।

ਡਾ. ਅੰਮ੍ਰਿਤਪਾਲ ਕੌਰ ਨੇ ਦਸਮ ਗੁਰੂ ਦੀ ਬਾਣੀ ਦੇ ਸੰਚਾਰ ਮਸਲੇ ਤੇ ਆਪਣੀ ਰਾਇ ਦੇਣ ਤੋਂ ਪਹਿਲਾਂ ਇਸ ਦਿਸ਼ਾ ਵਿੱਚ ਪਹਿਲਾਂ ਹੋਏ ਪ੍ਰਯਤਨਾਂ ਨੂੰ ਬੜੀ ਦਿਲਚਸਪੀ ਨਾਲ ਘੋਖਿਆ ਪਰਖਿਆ ਹੋਵੇਗਾ ਕਿਉਂਕਿ ਹੁਣ ਤੱਕ ਪ੍ਰਾਪਤ ਅਜਿਹੀਆਂ ਪੁਸਤਕਾਂ ਦੇ ਹਵਾਲੇ ਇਸ ਪੁਸਤਕ ਦੀ ਵਿਚਾਰ ਚਰਚਾ ਦਾ ਹਿੱਸਾ ਬਣੇ ਹਨ। ਪੂਰਵ ਪ੍ਰਾਪਤ ਵਿਚਾਰ ਵਿਮਰਸ਼ ਨੂੰ ਉਸਦੀ ਧਾਰਮਿਕ, ਸ਼ਰਧਾਤਮਕ ਅਤੇ ਸੌੜੀ ਅਰਥਾਤਮਕਤਾ ਦੇ ਘੇਰੇ ਵਿੱਚੋਂ ਬਾਹਰ ਕੱਢਦਿਆਂ ਲੇਖਕਾ ਨੇ ਇਸ ਤੇ ਅਜੋਕੀ ਵਿਗਿਆਨਕ ਪਹੁੰਚ ਦਾ ਰੰਗ ਚਾੜ੍ਹਿਆ ਹੈ। ਅਜਿਹੀ ਪਹੁੰਚ ਅਜੋਕੇ ਪਾਠਕ ਦੀ ਅਗਵਾਈ ਕਰ ਸਕਣ ਦੀ ਸਮਰੱਥਾ ਰੱਖਦੀ ਹੈ। ਸਾਰੀ ਪੁਸਤਕ ਵਿੱਚ ਵਿਧੀਵਤ ਕਾਰਜ ਹੋਇਆ ਨਜ਼ਰੀਂ ਪੈਂਦਾ ਹੈ ਕਿਉਂਕਿ ਸਾਰੇ ਸ਼ੰਕੇ ਤੇ ਅੜੌਣੀਆਂ ਇੱਕ ਖਾਸ ਤਰਤੀਬ ਵਿੱਚ ਸੁਲਝਦੇ ਜਾਂਦੇ ਹਨ। ਪੂਰਵ ਪ੍ਰਾਪਤ ਗੁੰਝਲਾਂ ਨੂੰ ਲੇਖਕਾ ਨੇ ਆਧੁਨਿਕ ਸੰਚਾਰ ਮਾਧਿਅਮ ਵਾਂਗ ਕਿਧਰੇ ਵੀ ਖੜੋਤ ਦਾ ਕਾਰਨ ਨਹੀਂ ਬਣਨ ਦਿੱਤਾ। ਅਸਲ ਵਿੱਚ ਲੇਖਕਾ ਨੇ ਸ਼ੁਰੂ ਵਿੱਚ ਹੀ ਪਾਠਕਾਂ ਨਾਲ ਨਵੀਨ ਸੰਚਾਰ ਮਾਧਿਅਮਾਂ ਦੀ ਜਾਣ ਪਛਾਣ ਕਰਵਾਦਿਆਂ ਆਪਣਾ ਨਿਸ਼ਾਨਾ ਸੇਧ ਲਿਆ ਸੀ। ਇਹੋ ਕਾਰਨ ਹੈ ਕਿ ਇਸ ਪੁਸਤਕ ਰਾਹੀਂ ਦਸਮ ਗੁਰੂ ਬਾਣੀ ਸੰਸਾਰ ਦੇ ਸੰਚਾਰ ਨੂੰ ਆਧੁਨਿਕ ਸੰਚਾਰ ਮਾਧਿਅਮ ਪ੍ਰਾਪਤ ਹੋਇਆ ਹੈ।

ਅਧਿਆਤਮਕ ਅਨੁਭਵ ਦੇ ਪ੍ਰਸੰਗ ਵਿੱਚ ਸੰਚਾਰ ਅਤੇ ਸੰਚਾਰ ਪ੍ਰਕਿਰਿਆ ਦਾ ਵਿਸ਼ਲੇਸ਼ਣ ਕਰਦਿਆਂ ਲੇਖਕਾ ਨੇ ਆਪਣੇ ਇਸ ਅਧਿਐਨ ਦੀ ਆਧਾਰਸ਼ਿਲਾ 'ਸੰਚਾਰ ਸਿਸਟਮ' ਤੇ ਪੂਰਾ ਚਾਨਣਾ ਪਾਇਆ ਹੈ। ਦਸਮ ਗੁਰੂ ਦੀ ਬਾਣੀ ਦਾ ਅਧਿਆਤਮਕ ਚਿੰਤਨ ਇਸਦੀ ਸ਼ਬਦਾਵਲੀ ਅਤੇ ਵਿਸ਼ੇ ਦੇ ਪ੍ਰਸੰਗ ਵਿੱਚ ਬੜਾ ਡੂੰਘਾ ਹੈ। ਅਜਿਹੇ ਚਿੰਤਨ ਦਾ ਵਿਸ਼ਲੇਸ਼ਣ ਕਰਕੇ ਪਾਠਕ ਵਰਗ ਨਾਲ ਇਸ ਦੀ ਸਾਂਝ ਪਵਾਉਣੀ ਕੋਈ ਸੌਖਾ ਕਾਰਜ ਨਹੀਂ ਹੈ। ਫਿਰ ਵੀ ਮਨੁੱਖੀ ਚੇਤਨਾ ਦੇ ਅਧਿਆਤਮਕ ਚਿੰਤਨ ਸਬੰਧੀ ਆਪਣੇ ਵਿਚਾਰ ਪੇਸ਼ ਕਰਦਿਆਂ ਲੇਖਕਾ ਨੇ ਦਸਮ ਗੁਰੂ ਬਾਣੀ ਦੇ ਹਵਾਲੇ ਦੇ ਕੇ ਪਾਠਕ ਨੂੰ ਇਸਦੇ ਸਹੀ ਪਰਿਪੇਖ ਵਿੱਚ ਸ਼ੋਚਣ ਸਮਝਣ ਦੀ ਨਵੇਕਲੀ ਦ੍ਰਿਸ਼ਟੀ ਪ੍ਰਦਾਨ ਕੀਤੀ ਹੈ।

ਪੁਸਤਕ ਵਿੱਚ ਬਹੁਤ ਹੀ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਹਨ। ਇਸ ਬੌਧਿਕ ਕਾਰਜ ਵਿੱਚ ਕਈ ਨੁਕਤੇ ਆਮ ਪਾਠਕ ਦੀ ਪੱਧਰ ਤੋਂ ਉਚੇਰੇ ਚਲੇ ਜਾਂਦੇ ਹਨ ਪਰ ਵਿਸ਼ਲੇਸ਼ਣ ਦੀ ਮਹੱਤਤਾ ਨੂੰ ਵੇਖਦਿਆਂ ਗੈਰ-ਕੁਦਰਤੀ ਨਹੀਂ ਜਾਪਦੇ। ਲੇਖਕਾ ਦਾ ਕਹਿਣਾ ਹੈ ਕਿ ਗ੍ਰਹਿਣ ਅਤੇ ਤਿਆਗ ਦੀ ਪ੍ਰਕਿਰਿਆ ਵਿੱਚ ਮਨੁੱਖ ਅਜਿਹੇ ਸੰਸਕਾਰਾਂ ਨੂੰ ਜਨਮ ਦਿੰਦਾ ਹੈ ਜੋ ਉਸ ਦੀ ਬੁਧ ਨੂੰ ਚੇਤਨਤਾ ਦੇ ਅਰਥ ਦਿੰਦੇ ਹਨ। ਲੇਖਕਾ ਵੱਲੋਂ ਮਨੁੱਖੀ ਚੇਤਨਤਾ ਦੇ ਪ੍ਰਸੰਗ ਵਿੱਚ ਅਜਿਹੀਆਂ ਬਾਰੀਕ ਤੰਦਾਂ ਦਾ ਕੱਤਿਆ ਜਾਣਾ ਸਮੁੱਚੀ ਮਨੁੱਖਤਾ ਦੀ ਮਾਨਸਿਕ ਅਵਸਥਾ ਨੂੰ ਸਮਝਣ ਲਈ ਬੜਾ ਸੂਖਮ ਪ੍ਰਯੋਗ ਹੈ। ਪੁਸਤਕ ਵਿੱਚ ਦਸਮ ਗੁਰੂ ਬਾਣੀ ਦੀ ਸੰਚਾਰ ਪ੍ਰਕਿਰਿਆ ਦਾ ਅਧਿਐਨ ਕਰਦਿਆਂ ਲੇਖਕਾ ਨੇ ਸਭਿਆਚਾਰ, ਕਾਵਿ, ਭਾਸ਼ਾ, ਲੋਕਧਾਰਾ ਅਤੇ ਸੰਗੀਤ ਦੇ ਪ੍ਰਸੰਗ ਵਿੱਚ ਅਜਿਹੀਆਂ ਅਨੇਕਾਂ ਵਿਗਿਆਨਿਕ ਜੁਗਤਾਂ ਨੂੰ ਰੂਪਮਾਨ ਕੀਤਾ ਹੈ। ਇੱਕ ਤਰ੍ਹਾਂ ਨਾਲ ਅਜਿਹੇ ਖਾਸ ਨੁਕਤਿਆਂ ਦਾ ਵਿਚਾਰਿਆ ਜਾਣਾ ਇਸ ਅਧਿਐਨ ਲਈ ਜ਼ਰੂਰੀ ਵੀ ਸੀ ਕਿਉਂਕਿ ਮਨੁੱਖ ਦੀ ਪਹੁੰਚ ਤੱਕ, ਖਾਸ ਕਰ ਭਾਰਤੀ ਮੂਲ ਦੇ ਲੋਕ-ਮਾਨਸ ਦੀ ਅਭਿਵਿਅਕਤੀ ਦੇ ਅਨੁਕੂਲ ਗੁਰੂ ਸਾਹਿਬ ਨੇ ਭਾਰਤੀ ਸੱਭਿਆਚਾਰ ਵਿੱਚੋਂ ਪ੍ਰਾਪਤ ਜਨਸਮੂਹ ਵੱਲੋਂ ਪ੍ਰਵਾਨਿਤ ਸੰਕਲਪਾਂ ਤੇ ਸੰਦਰਭਾਂ

ਦੇ ਹਵਾਲਿਆਂ ਨਾਲ ਮਿੱਥੇ ਗਏ ਨਿਸ਼ਾਨਿਆਂ ਨੂੰ ਜੋੜ ਕੇ ਆਪਣੇ ਆਦਰਸ਼ਾਂ ਦਾ ਸੰਚਾਰ ਕੀਤਾ ਹੈ। ਚੰਡੀ ਦੀ ਵਾਰ ਆਦਿ ਰਚਨਾਵਾਂ ਵਿੱਚ ਮਿਥਿਹਾਸਿਕ ਪਾਤਰਾਂ ਦੀ ਹੋਂਦ ਦਾ ਇਸੇ ਪ੍ਰਸੰਗ ਵਿੱਚ ਨਿੱਗਰ ਸਬੂਤ ਹੈ। ਲੋਕ ਚੇਤਨਾ ਨੂੰ ਜਗਾਉਣ ਦਾ ਇਹ ਸੰਚਾਰ ਢੰਗ ਬੜਾ ਸਫਲ ਰਿਹਾ ਕਿਉਂਕਿ ਅਜਿਹੀਆਂ ਕਹਾਣੀਆਂ/ਘਟਨਾਵਾਂ ਲੋਕਮਾਨਸ ਦੇ ਚੇਤਨ ਅਵਚੇਤਨ ਵਿੱਚ ਪਹਿਲਾਂ ਹੀ ਮੌਜੂਦ ਸਨ।

ਦਸਮ ਗੁਰੂ ਜੀਵਨ ਦਰਸ਼ਨ ਸਿਰਲੇਖ ਅਧੀਨ ਲੇਖਕਾ ਨੇ ਸਮੁੱਚੀ ਗੁਰਬਾਣੀ ਦਾ ਨਿਸ਼ਾਨਾ ਸਪਸ਼ਟ ਕਰਦਿਆਂ ਦਸਮ ਗੁਰੂ ਦੀ ਬਾਣੀ ਨੂੰ ਪਹਿਲੇ ਗੁਰੂਆਂ ਦੀ ਬਾਣੀ ਦੀ ਨੀਂਹ ਤੇ ਉਸਾਰਿਆ ਦੱਸਿਆ ਹੈ। ਸਮੇਂ ਅਤੇ ਪ੍ਰਸਥਿਤੀਆਂ ਦੇ ਬਦਲਾਵ ਦੇ ਪ੍ਰਸੰਗ ਵਿੱਚ ਦਸਮ ਬਾਣੀ ਨੂੰ ਮਨੁੱਖੀ ਚੇਤਨਾ ਦੇ ਵਿਕਾਸ ਮਾਰਗਾਂ ਦਾ ਮੋਹਰੀ ਗਰਦਾਨਿਆ ਹੈ। ਉਂਝ ਭਾਵੇਂ ਸਮੁੱਚੀ ਗੁਰਬਾਣੀ ਦਾ ਸਮੁੱਚਾ ਭਾਵ ਮਨੁੱਖ ਮਾਤ੍ਰ ਦੇ ਕਲਿਆਣਕਾਰੀ ਪੱਖਾਂ ਵਿੱਚ ਜਾਂਦਾ ਹੈ ਪਰ ਜੋ ਕ੍ਰਾਂਤੀ ਦਸਵੇਂ ਗੁਰੂ ਸਾਹਿਬਾਨ ਵੇਲੇ ਆਈ ਉਸ ਨੇ ਭਾਰਤ ਤਾਂ ਕੀ ਸੰਸਾਰ ਭਰ ਦੇ ਚਿੰਤਕਾਂ ਨੂੰ ਨਵੇਂ ਸਿਰਿਓਂ ਸੋਚਣ ਸਮਝਣ ਲਈ ਮਜਬੂਰ ਕਰ ਦਿੱਤਾ। ਗੁਰਬਾਣੀ ਦੇ ਤਰਜ਼ੇ-ਅਮਲ ਤੇ ਗ੍ਰਹਿਣ ਕੀਤੇ ਜੀਵਨ-ਵਿਹਾਰ ਅਤੇ ਲਿਖਿਤੀ ਅਤੇ ਮੌਖਿਕ ਸਾਹਿਤ ਨੂੰ ਬਚਾਉਣ ਲਈ ਮੋਢੀਆਂ ਦੇ ਨਾਲ ਨਾਲ ਪੈਰੋਕਾਰਾਂ ਨੇ ਵੀ ਬੇਹੱਦ ਕੁਰਬਾਨੀਆਂ ਕੀਤੀਆਂ। ਇੱਕ ਤਰ੍ਹਾਂ ਨਾਲ ਗੁਰੂ ਨਾਨਕ ਦੇਵ, ਭਗਤ ਕਬੀਰ ਆਦਿ ਮਹਾਂਪੁਰਸ਼ਾਂ ਦਾ ਸੁਪਨਾ ਸਾਕਾਰ ਹੋਇਆ ਜਿਹੜਾ ਬੀਜ ਉਹਨਾਂ ਬੀਜਿਆ ਉਹ ਆਦਰਸ਼ ਮਨੁੱਖ ਦੇ ਰੂਪ ਵਿੱਚ ਪੁੰਗਰ ਪਿਆ ਤੇ ਪ੍ਰਫੁਲਤ ਹੋਇਆ। ਇਸਦਾ ਇੱਕ ਵੱਡਾ ਕਾਰਨ ਇਹ ਸੀ ਕਿ ਗੁਰਬਾਣੀ ਦੇ ਰਚਨਾਕਾਰ ਅੱਜ ਦੇ ਉਪਦੇਸ਼ਾਤਮਕ ਸਾਹਿਤ ਦੇ ਰਚਨਾਕਾਰਾਂ ਵਾਂਗ ਆਪਣੀ ਰਚਨਾ ਤੋਂ ਵੱਖਰੇ ਨਹੀਂ ਸਨ ਸਗੋਂ ਇੱਕ ਮਿਕ ਸਨ। ਇਸੇ ਲਈ ਲੇਖਕਾ ਨੇ ਵੀ ਦਸਮ ਗੁਰੂ ਜੀਵਨ ਦਰਸ਼ਨ ਨੂੰ ਮਨੁੱਖਤਾ ਲਈ ਪ੍ਰੇਰਨਾ ਦਾ ਮਾਧਿਅਮ ਦੱਸਦਿਆਂ ਅਜਿਹੇ ਕਈ ਨੁਕਤਿਆਂ ਨੂੰ ਸਪਸ਼ਟ ਕੀਤਾ ਹੈ।

ਦਸਮ ਗੁਰੂ ਬਾਣੀ ਰਚਨਾ ਰੂਪ ਦਾ ਵਿਸ਼ਲੇਸ਼ਣ ਵੀ ਇਸ ਪੁਸਤਕ ਦਾ ਇੱਕ ਅਧਿਆਇ ਹੈ। ਦਸਮ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਜਾਪੁ, ਅਕਾਲ ਉਸਤਤਿ, ਬਿਚਿਤ੍ਰ ਨਾਟਕ (ਅਪਨੀ ਕਥਾ), ਚੰਡੀ ਚਰਿਤ੍ਰ (ਪ੍ਰਥਮ), ਚੰਡੀ ਚਰਿਤ੍ਰ (ਦੂਸਰਾ) ਵਾਰ ਭਗਉਤੀ ਜੀ ਕੀ, ਗਿਆਨ ਪ੍ਰਯੋਗ, ਚਉਬੀਸ ਅਵਤਾਰ, ਮਹਿੰਦੀ ਮੀਰ, ਬ੍ਰਹਮ ਅਵਤਾਰ, ਸ਼ਬਦ ਹਜ਼ਾਰੇ, ਸਵੈਯੇ, ਸ਼ਸਤ੍ਰਨਾਮਮਾਲਾ, ਚਰਿਤ੍ਰੋਪਾਖਯਨ, ਜ਼ਫ਼ਰਨਾਮਾ ਅਤੇ ਹਕਾਇਤਾਂ ਬਾਰੇ ਪੁਸਤਕ ਵਿੱਚ ਵਿਚਾਰ ਹੋਈ ਮਿਲਦੀ ਹੈ। ਲੇਖਕਾਂ ਵੱਲੋਂ ਇਹਨਾਂ ਬਾਣੀਆਂ ਦੇ ਅਰਥ-ਅਧਿਐਨ ਤੋਂ ਇਲਾਵਾ ਇਹਨਾਂ ਦੀ ਸਾਹਿਤਕ ਕਲਾਤਮਕਤਾ ਦੀ ਵਿਲਖਣਤਾ ਵੀ ਦ੍ਰਿਸ਼ਟੀਮਾਨ ਕਰਵਾਈ ਗਈ ਹੈ। ਲੇਖਕਾ ਦਾ ਕਹਿਣਾ ਹੈ ਕਿ ਦਸਮ ਗ੍ਰੰਥ ਦੀਆਂ ਸਮੁੱਚੀਆਂ ਰਚਨਾਵਾਂ ਕੁੱਝ ਪੱਖਾਂ ਤੋਂ ਤਾਂ ਦਸਵੇਂ ਗੁਰੂ ਸਾਹਿਬ ਦੀਆਂ ਹੀ ਮੰਨੀਆਂ ਜਾ ਸਕਦੀਆਂ ਹਨ ਪ੍ਰੰਤੂ ਉਸ ਨੇ ਇਸ ਬਾਰੇ ਸਪਸ਼ਟ ਨਾ ਹੁੰਦਿਆਂ ਹੋਇਆਂ ਇਸ ਪਾਸੇ ਵੱਲ ਹੋਰ ਅਧਿਐਨ ਕੀਤੇ ਜਾਣ ਦੀ ਮੰਗ ਕੀਤੀ ਹੈ। ਤਰੋ-ਤਾਜ਼ਾ ਜਾਣਕਾਰੀ ਅਨੁਸਾਰ ਵਿਦਵਾਨ ਸੱਜਣ ਇਸ ਮਸਲੇ ਤੇ ਸੁਲਝਣ ਦੀ ਬਜਾਏ ਉਲਝਦੇ ਜ਼ਿਆਦਾ ਦਿਖਾਈ ਦਿੰਦੇ ਹਨ।

ਦਸਮ ਗੁਰੂ ਬਾਣੀ ਸੰਚਾਰ ਜੋ ਕਿ ਪੁਸਤਕ ਦਾ ਟਾਇਟਲ ਵੀ ਹੈ ਦੇ ਅਧੀਨ ਲੇਖਕਾ ਨੇ ਦਸਮ ਗੁਰੂ ਦੀ ਬਾਣੀ ਦੀਆਂ ਸੰਚਾਰ ਜੁਗਤਾਂ ਨੂੰ ਬਹੁਤ ਬਾਰੀਕੀ ਨਾਲ ਵਿਚਾਰਿਆ ਹੈ। ਸ਼ਬਦਾਂ, ਸਲੋਕਾਂ, ਛੰਦਾਂ, ਪਉੜੀਆਂ, ਸਵੈਯਾਂ ਅਤੇ ਕਬਿਤਾਂ ਆਦਿ ਨੂੰ ਇੱਕ ਇੱਕ ਕਰਕੇ ਫਰੋਲਿਆ ਹੈ। ਇਸ ਪ੍ਰਕਾਰਜ ਵਿੱਚੋਂ ਜਿੱਥੇ ਲੇਖਕਾ ਦੀ ਵਿਦਵਤਾ ਝਲਕਦੀ ਹੈ ਉੱਥੇ ਗੁਰੂ ਸਾਹਿਬ ਦੀ ਬਾਣੀ ਵਿਚਲੀ ਕਲਾਤਮਕ ਸੂਝ ਦਾ ਪ੍ਰਗਟਾਵਾ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ। ਲੇਖਕਾ ਨੇ ਇਹਨਾਂ ਕਲਾਤਮਕ ਜੁਗਤਾਂ ਨਾਲ ਪਾਠਕ ਦੀ ਜਾਣ ਪਛਾਣ ਆਪਣੀ ਹੀ ਜੁਗਤ ਨਾਲ ਕਰਵਾਈ ਹੈ। ਨਿਸਚੇ ਹੀ ਪਾਠਕ ਦੇ ਗਿਆਨ ਵਿੱਚ ਵਾਧਾ ਕਰਨਯੋਗ ਹਨ ਇਹ ਜੁਗਤਾਂ। ਲੋੜ ਸਿਰਫ ਇਸ ਗੰਭੀਰ ਲਿਖਿਤ ਨੂੰ ਗੰਭੀਰਤਾ ਨਾਲ ਵਾਚਣ ਦੀ ਹੈ।

ਪੁਸਤਕ ਦੇ ਅੰਤ ਵਿੱਚ ਹਵਾਲਾ ਪੁਸਤਕਾਂ ਦੀ ਜੋ ਲੰਮੀ ਸੂਚੀ ਦਿੱਤੀ ਗਈ ਹੈ ਉਸ ਨੂੰ ਵੇਖਦਿਆਂ ਪ੍ਰਤੀਤ ਹੁੰਦਾ ਹੈ ਕਿ ਇਸ ਪੁਸਤਕ ਦੀ ਤਿਆਰੀ ਲਈ ਕਿੰਨਾ ਤਰੱਦਦ ਕੀਤਾ ਹੋਵੇਗਾ ਲੇਖਕਾ ਨੇ। ਆਪਣੇ ਵਲੋਂ ਦਿੱਤੇ ਸ਼ਬਦਾਂ ਵਿੱਚ ਲੇਖਕਾ ਨੇ ਕਿਹਾ ਹੈ ਕਿ ਇਹ ਵਿਭਾਗੀ ਕਾਰਜ ਮੈਨੂੰ ਸੌਂਪਿਆ ਗਿਆ ਸੀ। ਜਿਹੜੇ ਵਿਦਵਾਨ ਆਪਣੇ ਵਿਭਾਗੀ ਕਾਰਜਾਂ ਲਈ ਇੰਨੀ ਮਿਹਨਤ ਕਰਦੇ ਹਨ ਉਹ ਸਚਮੁੱਚ ਹੀ ਆਪਣੇ ਅਦਾਰਿਆਂ ਲਈ ਮਾਣ ਹਨ। ਅਜਿਹੇ ਬੌਧਿਕਤਾ ਭਰਪੂਰ ਦਸਤਾਵੇਜਾਂ ਨੂੰ ਪੁਸਤਕ ਰੂਪ ਵਿੱਚ ਛਾਪ ਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪਬਲੀਕੇਸ਼ਨ ਬਿਓਰੋ ਨੇ ਇੱਕ ਸਾਰਥਕ ਤੇ ਜਿਕਰਯੋਗ ਕਾਰਜ ਕੀਤਾ ਹੈ। ਲੇਖਕਾ ਇਸ ਪੁਸਤਕ ਲਈ ਵਧਾਈ ਦੀ ਪਾਤਰ ਹੈ ਕਿਉਂਕਿ ਉਸ ਦੇ ਇਸ ਉਦਮ ਨਾਲ ਗੁਰਬਾਣੀ ਦੇ ਗੰਭੀਰ ਅਧਿਐਨ ਲਈ ਨਵੇਂ ਚਿੰਤਨਸ਼ੀਲ ਮਾਰਗਾਂ ਦਾ ਆਗਾਜ਼ ਹੋਇਆ ਹੈ। ☬

# ਸ਼ਿਕਾਗੋ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਗੱਦੀ ਦਿਵਸ ਮਨਾਇਆ ਗਿਆ

(ਸ਼ਿਕਾਗੋ) ਅੰਮ੍ਰਿਤਸਰ ਸ਼ਹਿਰ ਦੇ ਬਾਨੀ, ਚੌਥੇ ਸਤਿਗੁਰੂ, ਸੋਢੀ ਸੁਲਤਾਨ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦਾ ਗੁਰਗੱਦੀ ਦਿਵਸ ਗੁਰਦੁਵਾਰਾ ਗੁਰਜੋਤਿ ਪ੍ਰਕਾਸ਼ ਸਾਹਿਬ (ਸ਼ਿਕਾਗੋ) ਵਿਖੇ ਪ੍ਰਸਿੱਧ ਧਾਰਮਿਕ ਸ਼ਖਸੀਅਤ ਸੰਤ ਬਾਬਾ ਦਲਜੀਤ ਸਿੰਘ ਜੀ ਖਾਲਸਾ ਦੇ ਉਦਮ ਅਤੇ ਸ਼ਿਕਾਗੋ ਨਿਵਾਸੀ ਸੰਗਤਾਂ ਦੇ ਸਹਿਯੋਗ ਸਦਕਾ ਬੇ-ਹੱਦ ਸ਼ਰਧਾ ਅਤੇ ਸਤਿਕਾਰ ਸਹਿਤ 8 ਸਤੰਬਰ ਤੋਂ 17 ਸਤੰਬਰ ਤੱਕ ਲਗਾਤਾਰ ਦਸ ਦਿਨ ਮਨਾਇਆ ਗਿਆ।

**ਸੰਗਤਾਂ ਵਿੱਚ ਭਾਰੀ ਉਤਸ਼ਾਹ :**

ਇਸ ਕੀਰਤਨ ਦਰਬਾਰ ਲਈ ਸੰਗਤਾਂ ਵਿੱਚ ਭਾਰੀ ਉਤਸ਼ਾਹ ਵੇਖਿਆ ਗਿਆ ਸਮੂਹ ਸੰਗਤਾਂ ਨੇ ਰਲ ਕੇ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਦੇ ਇਸ ਗੁਰਗੱਦੀ ਪੁਰਬ ਦੀ ਖੁਸ਼ੀ ਅੰਦਰ ਆਪੋ ਆਪਣੇ ਯੋਗਦਾਨ ਰਾਹੀਂ ਗੁਰਦੁਆਰਾ ਗੁਰਜੋਤਿ ਪ੍ਰਕਾਸ਼ ਸਾਹਿਬ ਨੂੰ ਅੰਦਰੋਂ ਅਤੇ ਬਾਹਰੋਂ ਰੰਗੀਨ ਬੱਲਬਾਂ, ਗੁਰਬਾਣੀ ਦੇ ਬੈਨਰਾਂ, ਫੁੱਲਾਂ ਅਤੇ ਰੰਗਦਾਰ ਝੰਡੀਆਂ ਨਾਲ ਸਜਾਇਆ ਹੋਇਆ ਸੀ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਤਿਕਾਰਯੋਗ ਰਾਗੀ ਸਹਿਬਾਨਾਂ ਨੂੰ ਜੀ ਆਇਆਂ ਆਖਣ ਲਈ ਸੰਗਤਾਂ ਵਿੱਚ ਬੇ-ਹੱਦ ਪਿਆਰ ਵੇਖਿਆ ਗਿਆ। ਭਾਰੀ ਗਿਣਤੀ ਵਿੱਚ ਸੰਗਤਾਂ ਏਅਰਪੋਰਟ ਤੇ ਪਹੁੰਚੀਆਂ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਏਅਰਪੋਰਟ ਗੂੰਜ ਉਠਿਆ ਸੰਗਤਾਂ ਨੇ ਰਾਗੀ ਸਿੰਘਾਂ ਨੂੰ ਹਾਰਾਂ ਅਤੇ ਫੁੱਲਾਂ ਨਾਲ ਲੱਦ ਦਿੱਤਾ।

**ਵਿਲੱਖਣ ਕੀਰਤਨ ਦਰਬਾਰ :**

ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪੰਜ ਰਾਗੀ ਜੱਥੇ ਮਿਲ ਕੇ ਕੀਰਤਨ ਕਰ ਰਹੇ ਸਨ। ਸਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ 28 ਵਰ੍ਹੇ ਕੀਰਤਨ ਰਾਹੀਂ ਸੇਵਾ ਕਰਨ ਵਾਲੇ ਭਾਈ ਗੁਰਮੇਜ ਸਿੰਘ ਜੀ ਵਲੋਂ ਸੁਣਾਏ ਇਸ ਸ਼ਬਦ "*ਗੁਰ ਰਾਮਦਾਸ ਤੇਰੀ ਸਰਣ*" ਨੂੰ ਸੁਣ ਕੇ ਸੰਗਤਾਂ ਇਉਂ ਮਹਿਸੂਸ ਕਰ ਰਹੀਆਂ ਸਨ ਜਿਵੇਂ ਉਹ ਗੁਰੂ ਰਾਮਦਾਸ ਜੀ ਦੇ ਬਖਸ਼ਿਸ਼ ਭਰੇ ਚਰਨਾਂ ਵਿੱਚ ਹੀ ਬੈਠੇ ਹੋਣ। ਭਾਈ ਨਿਰਮਲ ਸਿੰਘ ਖਾਲਸਾ ਵਲੋਂ 'ਡਿੱਠੇ ਸਭੇ ਥਾਵ ਨਹੀ ਤੁਧ ਜੇਹਿਆ' ਸ਼ਬਦ ਸੁਣ ਕੇ ਸੰਗਤਾਂ ਆਪਣੇ ਆਪ ਨੂੰ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬੈਠੀਆਂ ਮਹਿਸੂਸ ਕਰ ਰਹੀਆਂ ਸਨ। ਭਾਈ ਰਵਿੰਦਰ ਸਿੰਘ ਜੀ ਵਲੋਂ ਵਜਦ ਵਿੱਚ ਆ ਕੇ ਪੜ੍ਹੇ ਸ਼ਬਦ "*ਰਾਮਦਾਸ ਸਰੋਵਰ ਨਾਤੇ*" ਨੂੰ ਸੁਣ ਕੇ ਸਤਿਸੰਗੀ ਮਹਿਸੂਸ ਕਰ ਰਹੇ ਸਨ ਜਿਵੇਂ ਉਹ ਸਚਖੰਡ ਅੰਮ੍ਰਿਤ ਸਰੋਵਰ ਵਿੱਚ ਡੁੱਬੀਆਂ ਲਾ ਰਹੇ ਹੋਣ। ਭਾਈ ਸਰਬਜੀਤ ਸਿੰਘ ਜੀ ਰਾਗੀ ਵਲੋਂ "*ਧੰਨ ਧੰਨ ਰਾਮਦਾਸ ਗੁਰ*" ਅਤੇ ਭਾਈ ਸੁਖਵਿੰਦਰ ਸਿੰਘ ਜੀ ਰਾਗੀ ਵਲੋਂ "*ਰਾਜ ਯੋਗ ਤਖਤ ਦੀਅਨ ਗੁਰੂ ਰਾਮਦਾਸ*" ਸ਼ਬਦਾਂ ਦੀ ਸੰਗਤਾਂ ਵਲੋਂ ਵਾਰ ਵਾਰ ਸੁਣਨ ਦੀ ਮੰਗ ਕੀਤੀ ਗਈ। ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਐਤਵਾਰ ਦੇ ਦੀਵਾਨਾ ਵਿਖੇ ਸੈਕੜਿਆਂ ਦੀ ਗਿਣਤੀ ਵਿੱਚ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਪਹੁੰਚੀਆਂ ਸੰਗਤਾਂ ਨੇ ਨਿਰਬਾਣ ਕੀਰਤਨ ਦਾ ਬੇਹੱਦ ਅਨੰਦ ਮਾਣਿਆ। ਇਸ ਦੀਵਾਨ ਵਿੱਚ ਆਲ ਇੰਡੀਆ ਯੂਥ ਅਕਾਲੀ ਦਲ ਦੇ ਪ੍ਰਧਾਨ ਜੱਥੇਦਾਰ ਕਰਨੈਲ ਸਿੰਘ ਜੀ ਪੰਜੋਲੀ, ਸ. ਹਰਭਜਨ ਸਿੰਘ ਨਿਊਜਰਸੀ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਡੀਸ਼ਨਲ ਸਕੱਤਰ ਸਰਦਾਰ ਹਰਬੇਅੰਤ ਸਿੰਘ ਜੀ ਨੇ ਵੀ ਸੰਗਤਾਂ ਨੂੰ ਸੰਬੋਧਨ ਕਰਦਿਆਂ ਇਸ ਕੀਰਤਨ ਦਰਬਾਰ ਨੂੰ ਇਤਿਹਾਸਕ ਅਤੇ ਵਿਲੱਖਣ ਦੱਸਿਆ। ਜੱਥੇਦਾਰ ਪੰਜੋਲੀ ਨੇ ਬਾਬਾ ਦਲਜੀਤ ਸਿੰਘ ਜੀ ਖਾਲਸਾ ਵਲੋਂ ਅੰਤਰਰਾਸ਼ਟਰੀ ਪੱਧਰ ਤੇ ਕੀਤੇ ਸਿੱਖੀ ਪ੍ਰਚਾਰ ਦੀ ਪ੍ਰਸੰਸਾ ਕਰਦਿਆਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਸਿੱਖ ਯਾਦਗਾਰੀ ਮਿਊਜੀਅਮ ਵਿੱਚ ਰੱਖੇ ਗਏ ਸਿੱਖ ਗੁਰੂਆਂ ਤੇ ਸਿੱਖ ਜਰਨੈਲਾਂ ਦੇ ਸ਼ਸਤਰਾਂ, ਇਤਿਹਾਸਕ ਸਿੱਕਿਆਂ ਅਤੇ ਹੋਰ ਦੁਰਲਭ ਵਸਤੂਆਂ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ। ਸਮੂਹ ਰਾਗੀ ਜੱਥਿਆਂ ਅਤੇ ਸੰਤ ਬੇਅੰਤ ਸਿੰਘ ਜੀ ਲੰਗਰਾਂ ਵਾਲਿਆਂ ਨੂੰ ਗੁਰੂ ਦਰਬਾਰ ਵਲੋਂ ਸਿਰੋਪਾਓ ਬਖਸ਼ਿਸ਼ ਕੀਤੇ ਗਏ। ☬

# Prayer is a Silent Communion with God

Olva Albuquerque

Prayer is a communion between God and man because intelligence has to communicate with intelligence. And in all cultures and religions, be it Hinduism, Islam, Christianity, Judaism or the Bhai faith, the power of prayer has been recognised. Because prayer, like meditation, clears the mind, sharpens the senses, makes one stoical to bear suffering and gives one the strength to resist evil.

Prayer need not consist of flowery phrases recited in erudite Sanskrit or Latin. Divine intelligence does not really need a language for communication because God looks within the heart. Rather, it is man in his imperfection who has to understand the phrases he is mouthing so that they are not meaningless babble.

It was the need to keep the unlettered in chains so that they could serve without any question those who were higher in the hierarchy which threw up the priestly class and the caste system. This is because man does not need intermediaries to speak to God. You can use Latin, Swahili, ancient Hebrew or Japanese to speak to God if you don't want to use English or Hindi. It doesn't really matter.

The poetic rhythms of the Sanskrit slokas do not rank higher than the plebeian prose of the poor fisherman. For Christ and Krishna, Allah and Ahura Mazda are really one Being, a Being of light, compassion and humour, For God is all of these things and much more. Any attempt to describe what He is like is just imagination and nothing else. For God is the Ultimate Reality and transcends human experience and imagination. Describing Him or imagining what He is like is trying to know the composition of the Sun by looking at a badly developed photograph of it.

The Brahmins developed the caste system, telling the poor Sudra that his job was to serve the three upper castes for they alone were the Dwijas, the twice born. The Sudras were not supposed to either hear or recite the Vedas which contained the Eternal Truths. For if they were so contumacious to do so, then boiling hot oil was to be poured into their ears so that they would not be abie to repeat this sacrilege.

The essence of Hinduism is tolerance. On the other hand, Islam, Christianity, Judaism and Zorastrianism did not have any the priests who were schooled in the sacred scripture and interpreted the word of God. There is really nothing wrong in this so long as the priests did not profess that they and they alone knew the Eternal Truths. These Eternal Truths can be discovered by anybody who thirsts for it. All that is needed is a questioning mind, humility and piety. For God reveals Himself to the true seeker. "Ask and You Shall Receive Seek and You Shall Find." Jesus Christ taught his disciples. In a similar vein, Krishna revealed himself to his devotees while Allah spoke to Mohammed and Ahura Mazda spoke to Prophet Zoroaster.

And so finally, we come back to prayer again. What is prayer? Is it necessary to pray to come to know God? Can we get close God if we don't pray? The answers are all

there in the sacred scriptures of all religions. We have to read beyond the flowery phrases and metaphysical nuances to find an undercurrent of common logic running through all the sacred books of all religions.

Can a mother understand how hungry her infant is if he does not cry? Or can a couple live together without speaking at all? Similarly, we cannot get close to God or understand His divine nature if we don't pray. For prayer is merely talking to God, using everyday speech. Prayer is thanking God for the innumerable things we take for granted, like parental love, food and shelter and the gift of reason. For there are so many who have none of these things but may be happier than we are. One has to look closely at the poor beggar on the street and a toddler learning to walk to know what happiness means.

When dawn breaks over the horizon or dusk deepens into purple darkness, it would be well if we cast our gaze upwards and thanked God for the many gifts He has given us. It would be wise to talk to Him like a friend, tell Him all our troubles and difficulties and ask for a solution to those problems which seem unsurmountable. For prayer like faith, can move mountains.

*Courtesy* : The Tribune


ਰਾਗੀ ਜਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ**
422, ਸੈਕਟਰ 15-A, ਚੰਡੀਗੜ੍ਹ
ਫੋਨ-772660

**ਅੰਮ੍ਰਿਤ ਵਰਖਾ**
7/1, ਵੈਸਟ ਪਟੇਲ ਨਗਰ, ਨਵੀਂ ਦਿੱਲੀ
ਫੋਨ-5742058


## How To Overcome Stress

**Have a Correct Attitude :** Attitude is a powerful force in the life of an individual. Different people placed in the same situation react differently. It was important to have a constructive, positive and friendly attitude.

**Never anticipate trouble :** Never anticipate trouble nor worry about things that may never happen. Do not think negative thoughts say negative words.

**Organise your life in "Day tight Compartments" :** Whenever we are confronted with a difficult task, we see it in its entirety and complexity. This causes stress. We should focus on work that we need to do in the next 24 hours. Do not think of the past or future but live in the present. Organise time in 24 hour, 12 hour or 6 hour compartments.

**Cultivate childlike faith in God :** Turnover life in childlike trust to God and live like a child carefree, without burdens, fear or worry.

**Do not hold any grudge in your heart against anyone :** Forget before forgiveness is asked. Forgiveness must be complete.

**Laughter is an all round tonic :** To overcome stress, we must laugh and smile. Laughter is an all round tonic - Physical, mental and spiritual. Laugh with others and not at others.

**Practice a period of silence :** Sit in silence for some time during the day - pray or meditate. Some personal quiet time is needed.

***Extracted from a lecture by Dada J.P. Vaswani in Pune on 3 May, 2000***

(Courtesy - CII's Communique dated 5 May, 2000)


With best compliments from a wellwisher

# THE RAGI JATHA - BHAI HIRA SINGH

Dr. Jagir Singh

Bhai Hira Singh was the son of Bhai Bhag Singh. Father was also a part of the Jatha which was famous by the name of the son i.e. Bhai Hira Singh.

Bhai Hira Singh was born in 1879 at Farooqua in Distt Sargodha (now in Pakistan). Music came to him in heritage. His father was a good singer and an expert player of *Taoos*. He not only taught both these arts to the son but also made him learn the art of singing from Hasna, the famous *Rababi*. Apart from this, Bhai Hira Singh also studied the *Gurmat* Literature, Urdu and Persian.

At the age of 16 he came under the influence of Sant Attar Singh and joined his *Jatha*. After spending some time with *Jatha* he went to Bhai Vir Singh and started working in the Wazir Hind press. He would perform Kirtan in the morning and evening with the *Jatha* of Sant Sham Singh. At Amritsar he also learnt to do *Kirtan* with harmonium from Mahant Takhat Singh. Harmonium was recently introduced during that period. The earlier *Ragis* used to perform their *Kirtan* in accompaniment of *Taoos*.

In 1897 his father shifted to Amritsar and they started performing *Kirtan* togather. During this period their *Ragi Jatha* became associated with the Singh Sabha Movement under the influence of Bhai Vir Singh. The movement at that time, needed Ragi Jathas who could also preach Sikhism. Since *Katha* during the *Kirtan* was not the developed style at that time the effective preaching purely depended on the preacher's capability. At that time *Kirtan* was means of livelihood for some and 'art for art sake' for others. Bhai Hira feeling the pulse of the audience started doing *Kirtan* in simple tunes, so that audience could follow him. He encouraged participation by the audience to sing line by line with him. Some of the famous lines were :

"*Sajjan Mukh Anoop, Aithe Pher Nihalsan*"

"*Kaun Janen Gun Tere*"

"*Sabhe Ghat Ram Bole*"

Bhai Hira Singh was the first *Ragi* who introduced '*Sakhis*' and '*Katha*' during the *Kirtan*. It kept the audience spell bound and the little anecdotes about Guru's lives were a good introduction to our Guru's lives.

Bhai Hira Singh, 'style of Kirtan (alongwith *Sakhis/Katha*) was appreciated by Sikhs as well as non-Sikhs. A Muslim Haji Mohammad, greatly influenced by Bhai Hira Singhji, presented a '*Chaur Sahib*' to *Darbar Sahib* at Amritsar. The *Chaur* had been prepared by Haji Mohammad himself. To-day it is lying in *Tosha - Khana*. It weighs 9 mounds & 14 seers; contains one lac forty five thousand fibres.

Many times Bhai Hira Singh used to sing some emotional poems (based on *Gurbani-Sikhism*) also; one such poem was:

"*Sir Ditian, je mile Piara*"

"*Kion Nahin Karta Chheti Kara*"

(If by giving your life, you can get your beloved's favour, why not do it at once.)

Bhai Hira Singh, apart from being a great *Ragi* was a person of noble

disposition. He had no desire to acquire worldly wealth. The offerings he received were used for philanthropic purposes like grants to schools & colleges.

The Great *Ragi* Hira Singh died in 1926, 21 years before his father Bhai Bhag Singh died. Bhai Hira Singh left us the rich legacy of our present form of celestial *Gurbani Kirtan*. Prof. Puran Singh had this to say about Bhai Hira Singh in form of a Tribute:

You cooed like a cuckoo ........
Brother, you told us,
Being a human! Is just a melodious voice.
Your high class Taan pulled your sence
Which soared higher and higher
Echoing and soaring it goes to the sky.
What is after all a man?
A small sweet sound
Which introduces to the endless
Blessed be Bhai Hira Singh
Who touched countless strings?
Sitar of the beloved bard of the Guru is broken
But his songs spread their wings in the world of hearts.
Ay! 'if the Kirtan echoes
In loving memory of Hira Singh
The sound of Rabab is heard saying
Nirankar, Nirankar, Sat Kartar.

ਜੇ ਤੁਹਾਨੂੰ 'ਅੰਮ੍ਰਿਤ ਕੀਰਤਨ' ਚੰਗਾ ਲਗਦਾ ਹੈ
ਪਰ ਕਿਸੇ ਮਜਬੂਰੀ ਕਾਰਨ ਚੰਦਾ ਨਹੀਂ ਭੇਜ ਸਕਦੇ ਤਾਂ ਸਾਨੂੰ ਲਿਖੋ।
ਅਸੀਂ ਤੁਹਾਨੂੰ ਇੱਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜਦੇ ਰਹਾਂਗੇ।

Hot millions®
Salad Bar & Restaurant
Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)
CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਆਓ ਤਬਲਾ ਸਿੱਖੀਏ

ਗੁਰਜੰਤ ਸਿੰਘ ਰਾਹੀ
ਬੀ-367, ਸ਼ੇਖੂਪੁਰਾ, ਸੁਨਾਮੀ ਗੇਟ, ਸੰਗਰੂਰ 148 001 (ਪੰਜਾਬ)

ਸ਼ਬਦ ਕੀਰਤਨ ਨਾਲ ਸੰਗਤ ਕਰਨ ਵਾਸਤੇ ਪਿਛਲੀ ਵਾਰ ਮੈਂ ਤੁਹਾਨੂੰ ਤਾਲ ਕਹਿਰਵਾ ਕਰਵਾਇਆ ਸੀ। ਉਨ੍ਹਾਂ ਸਾਰੇ ਬੋਲਾਂ ਦਾ ਅਭਿਆਸ ਕਰਕੇ ਤੁਸੀਂ ਪਕਾ ਲਏ ਹੋਣਗੇ। ਜਦੋਂ ਬੋਲ ਹੱਥ ਦੀ ਪਕੜ ਵਿੱਚ ਆ ਜਾਣ ਤਾਂ ਫਿਰ ਕੀਰਤਨ ਨਾਲ ਸੰਗਤ ਕਰਦੇ ਹੋਏ ਵਜਾਉਣ ਦਾ ਅਭਿਆਸ ਕਰੋ।

ਅੱਜ ਮੈਂ ਤੁਹਾਨੂੰ ਤਾਲ ਦਾਦਰਾ ਦੇ ਬੋਲ ਕਰਵਾਵਾਂਗਾ। ਸਾਰਿਆਂ ਬੋਲਾਂ ਨੂੰ ਤਰਤੀਬ ਅਨੁਸਾਰ ਤਾਲੀ ਖਾਲੀ ਅਨੁਸਾਰ ਆਪਣੀਆਂ-ਆਪਣੀਆਂ ਕਾਪੀਆਂ ਉੱਪਰ ਨੋਟ ਕਰੋ। ਫਿਰ ਜ਼ੁਬਾਨੀ ਯਾਦ ਕਰੋ ਅਤੇ ਤਬਲੇ ਉੱਪਰ ਵਜਾ ਕੇ ਬਾਰ-ਬਾਰ ਅਭਿਆਸ ਕਰੋ।

**ਦਾਦਰਾ ਤਾਲ :**

ਇਹ 6 ਮਾਤਰਾਂ ਦਾ ਤਾਲ ਹੈ ਇਸਦੇ 3-3 ਮਾਤਰਾਂ ਦੇ ਦੋ ਭਾਗ ਹੁੰਦੇ ਹਨ ਪਹਿਲੀ ਮਾਤਰਾ ਤੇ ਸਮ ਅਤੇ ਚੌਥੀ ਮਾਤਰਾ ਤੇ ਖਾਲੀ ਹੁੰਦੀ ਹੈ ਇਹ ਸੁਗਮ ਅੰਗ ਦਾ ਤਾਲ ਹੈ ਇਸ ਦਾ ਜ਼ਿਆਦਾ ਤਰ ਪ੍ਰਯੋਗ ਗੀਤ, ਗਜ਼ਲ ਸ਼ਬਦ, ਭਜਨ ਆਦਿ ਵਿੱਚ ਕੀਤਾ ਜਾਂਦਾ ਹੈ। ਇਹ ਸੋਲੋ ਦਾ ਤਾਲ ਨਹੀਂ ਹੈ। ਇਸ ਵਿੱਚ ਠੇਕੇ ਤੋਂ ਉਪਰੰਤ ਲੱਗੀਆਂ ਲੜੀਆਂ ਵਜਾਈਆਂ ਜਾਂਦੀਆਂ ਹਨ। ਚੰਚਲ ਪ੍ਰਕ੍ਰਿਤੀ ਦਾ ਤਾਲ ਹੈ।

| | X | | | 0 | | |
|---|---|---|---|---|---|---|
| | 1 | 2 | 3 | 4 | 5 | 6 |
| ਠੇਕਾ | ਧਾ | ਧਿੰ | ਨਾ | ਧਾ | ਤਿੰ | ਨਾ |
| ਲਗੀਆਂ | | | | | | |
| 1. | ਧਾਗੇ | ਧਿੰਨਾ | ਗਿਨਾ | ਤਾਕੇ | ਤਿਨਾ | ਕਿਨਾ |
| 2. | ਧਾਤੀ | ਧਾਧਾ | ਧਿੰਨਾ | ਤਾਤੀ | ਤਾਤਾ | ਤਿੰਨਾ |
| 3. | ਧਾਤੀ | ਧਾਧਾ | ਤਿਰਕਿਟ | ਧਾਤੀ | ਧਾਧਾ | ਧਿੰਨਾ |
| | ਤਾਤੀ | ਤਾਤਾ | ਤਿਰਕਿਟ | ਧਾਤੀ | ਧਾਧਾ | ਧਿੰਨਾ |
| 4. | ਧਾਤੀ | ਧਾਗੇ | ਨਧਾ | ਤਿਰਕਿਟ | ਧਿੰਨਾ | ਗਿੰਨਾ |
| | ਤਾਤੀ | ਤਾਕੇ | ਨਾਤਾ | ਤਿਰਕਿਟ | ਧਿਨਾ | ਗਿਨਾ |
| 5. | ਧਾਤੀ | ਧਿੰਨਾ | ਤਿਰਕਿਟ | ਧਾਤੀ | ਧਿੰਨਾ | ਤਿਰਕਿਟ |
| 6. | ਤਿਰਕਿਟ | ਧਾਤੀ | ਧਾਧਾ | ਤਿਰਕਿਟ | ਤਾਤੀ | ਤਾਤਾ |
| 7. | ਤਿਰਕਿਟ | ਧਾਤੀ | ਧਾਤੀ | ਗਿਨਾ | ਤਿਰਕਿਟ | ਧਾਤੀ |
| 8. | ਧਾਧਾ | ਤਧਾ | ਤਿਰਕਿਟ | ਧਿੰਨਾ | ਧਾਤੀ | ਗਿਨਾ |
| 9. | ਧਾਧਾ | ਤਿਰਕਿਟ | ਧਿੰਨਾ | ਧਾਧਾ | ਤਿਰਕਿਟ | ਧਿੰਨਾ |
| 10. | ਧਾਗੇ | ਨਧਾ | ਤਿਰਕਿਟ | ਧਾਗੇ | ਧਿਨਾ | ਗਿਨਾ |
| | ਤਾਕੇ | ਨਧਾ | ਤਿਰਕਿਟ | ਧਾਗੇ | ਧਿੰਨਾ | ਗਿਨਾ |

ਇਨਾਂ ਸਾਰੇ ਬੋਲਾਂ ਨੂੰ ਸਭ ਤੋਂ ਪਹਿਲਾਂ ਠੇਕਾ ਲਾ ਕੇ ਬਰਾਬਰ ਦੀ ਲੈ ਵਿੱਚ ਵਜਾਉ। ਜਦੋਂ ਲਗੇ ਕਿ ਬੋਲ ਹੱਥ ਦੀ ਪਕੜ ਵਿੱਚ ਆ ਗਏ ਤਾਂ ਫਿਰ ਦੁਗਨ ਵਿੱਚ ਵਜਾਉਣ ਦਾ ਅਭਿਆਸ ਕਰੋ। ਜਦੋਂ ਸੰਗਤ ਕਰਦੇ ਸਮੇਂ ਇਸ ਢੰਗ ਨਾਲ ਵਜਾਉਗੇ ਤਾਂ ਜਿੱਥੇ ਤੁਹਾਡੇ ਕੀਰਤਨ ਵਿੱਚ ਅਨੰਦ ਆਵੇਗਾ ਉੱਥੇ ਤੁਸੀਂ ਵੀ ਦਾਦ ਲੈਣ ਦੇ ਅਧਿਕਾਰੀ ਬਣੋਗੇ। ☬

# ਸ਼ਬਦ ਤੇ ਰਬਾਬ ਦਾ ਰਿਸ਼ਤਾ

ਮਨਮੋਹਨ ਸਿੰਘ ਦਾਊਂ
280 ਫੇਜ਼ 6, ਮੁਹਾਲੀ (ਰੋਪੜ)

ਇੱਕ ਗੁਰੂ ਸੀ ਨਿਰੰਕਾਰੀ
ਜਿਸ ਦੇ ਹਿਰਦੇ ਦੇ ਚਸ਼ਮੇ 'ਚੋਂ
ਬਾਣੀ ਉਦੈ ਹੁੰਦੀ
ਤੇ ਚਾਨਣ ਵੰਡਦੀ ਚੌਹ ਕੁੰਟੀ।

ਇੱਕ ਸਾਥੀ ਭਗਤ ਸੀ ਮਰਦਾਨਾ
ਜੋ ਦੋਸਤ ਵੀ ਬਣਿਆ ਸੱਚੜਾ ਪਹਿਲਾ,
ਲਾ ਕੇ ਰਬਾਬ ਨੂੰ ਸੀਨੇ
ਜੋ ਗੁਰੂ ਦੇ ਸ਼ਬਦ ਨੂੰ
ਸੰਗੀਤ ਦੀ ਸਰਗਮ ਬਣਾ ਦਿੰਦਾ,
ਅੰਦਰੋਂ ਤੇ ਬਾਹਰੋਂ ਧੁਨਾਂ ਦਾ ਪ੍ਰਕਾਸ਼
ਉਸ ਦੇ ਬਦਨ ਦਾ ਲਿਬਾਸ ਬਣ ਲਿਸ਼ਕਦਾ
ਤੇ ਗੁਰੂ ਦੇ ਨੂਰ ਨਾਲ
ਜਮ-ਮਗ, ਜਗ-ਮਗ ਹੋ ਜਾਂਦਾ।
ਸ਼ਬਦਾਂ ਦੇ ਜਲੌਂ ਖਿੜਦੇ
ਤੇ ਰਬਾਬੀ ਉਂਗਲਾਂ 'ਚ ਤਰੰਗਾਂ ਦੀ ਸ਼ਕਤੀ
ਝੂਮਦੀ ਫਿਰਦੀ।

ਰਬਾਬ-ਮਰਦਾਨਾ-ਗੁਰੂ
ਇੱਕ ਰੂਪ ਹੋਏ ਦਿਸਦੇ,
ਤੇ ਚੁਗਿਰਦਾ ਸ਼ਬਦਾਂ ਦਾ ਪ੍ਰਕਾਸ਼ ਪਹਿਨਦਾ ਲਗਦਾ।
ਰਬਾਬ ਦੀ ਸੰਗਤ
ਤੇ ਬਾਣੀ ਦੀ ਰੰਗਤ
ਗੁਰੂ ਤੇ ਭਗਤ ਨੂੰ ਲੈ ਤੁਰਦੀ
ਦੇਸੀਂ, ਪ੍ਰਦੇਸੀਂ, ਪਹਾੜੀਂ, ਸਾਗਰੀਂ
ਤੇ ਕਦੇ ਮੈਦਾਨੀਂ, ਰੇਗਿਸਤਾਨੀਂ, ਗੁਫ਼ਾਈਂ
ਸ਼ਬਦ ਤੇ ਸੰਗੀਤ ਘੁੰਮਦੇ ਰਹਿੰਦੇ।

ਗੁਰੂ ਤੇ ਭਗਤ ਦੀ ਵਿੱਥ ਮਿਟ ਜਾਂਦੀ
ਸ਼ਬਦ ਤੇ ਰਬਾਬ ਇੱਕ ਹੋ ਜਾਂਦੇ।
ਇਹ ਕੇਹੀ ਦੋਸਤੀ ਦਾ ਸੀ ਕਰਿਸ਼ਮਾ
ਦਿਵਸ, ਰਾਤੜੀ ਦਾ ਪਤਾ ਨਾ ਲਗਦਾ,
ਤਾਰੇ ਖਿੜਦੇ, ਸੂਰਜ ਉਦੈ ਹੁੰਦਾ, ਦਿਵਸ ਤੁਰਦਾ
ਆਥਣ ਪਸਰ ਜਾਂਦੀ
ਤੇ ਘਰਾਂ ਨੂੰ ਪਰਤਣਾ ਭੁੱਲ ਜਾਂਦਾ।
ਪਰ ਰਬਾਬ ਬਾਣੀ ਸਿਮਰਦੀ ਰਹਿੰਦੀ।
ਰਬਾਬੀ ਪੋਟਿਆਂ ਦੀ ਛੋਹ
ਦੀਨ-ਦੁਨੀਆਂ ਨੂੰ
ਸੋਝੀ ਦਾ ਹੋਕਾ ਬਖ਼ਸ਼ਦੀ ਫਿਰਦੀ
ਕਦੇ ਅਰਥ ਸੱਚ ਦੇ ਦੱਸਦੀ
ਤੇ ਕੂੜ ਨੂੰ ਕੋਸਦੀ ਰਹਿੰਦੀ
ਕਦੇ ਕਾਦਰ ਦੀ ਮਹਿਮਾ ਗੁਣ-ਗੁਣਾਉਂਦੀ
ਕਦੇ ਧਰਮ ਤੇ ਕਿਰਤ ਦੀ ਪਰਖਣਾ ਕਰਦੀ
ਕਦੇ ਜ਼ੁਲਮ ਸਾਹਵੇਂ ਢਾਲ ਬਣ ਜਾਂਦੀ
ਤੇ ਲੋਕਾਈ ਦੇ ਦਰਦ ਦੀ ਵਿੱਥਿਆ ਸੁਣਾਉਂਦੀ।

ਗੁਰੂ ਦੇ ਸੰਗ ਮਰਦਾਨਾ
ਤੇ ਰਬਾਬ ਦੇ ਅੰਗ ਮਰਦਾਨਾ
ਗੁਰੂ ਦੇ ਬੋਲਾਂ 'ਚ ਗੁੰਮ ਹੋ ਜਾਂਦੇ,
ਗੁਰੂ ਬੋਲ ਉਚਰਦੇ ਰਹਿੰਦੇ
ਤੇ ਰਬਾਬ 'ਚੋਂ
ਨਾਮ ਦੀ ਆਵਾਜ਼ ਗੂੰਜਦੀ ਰਹਿੰਦੀ।

# ਸੁਰ-ਲਿਪੀ ਵਾਲੇ ਸ਼ਬਦਾਂ ਦੇ ਅਰਥ

## ਮਨਮੋਹਨ ਸਿੰਘ

| ਮਾਝ ਮਹਲਾ ੫॥ | Majh, Fifth Guru. | ਮਾਝ, ਪੰਜਵੀਂ ਪਾਤਿਸ਼ਾਹੀ |
|---|---|---|
| ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ | My Lord God! Thy Gurbani is Nectar. | ਹੇ ਵਾਹਿਗੁਰੂ ਸੁਆਮੀ! ਤੇਰੀ ਗੁਰਬਾਣੀ ਆਬਿਹਿਯਾਤ ਹੈ। |
| ਸੁਣਿ ਸੁਣਿ ਹੋਵੈ ਪਰਮਗਤਿ ਮੇਰੀ॥ | By continuously hearing it, I have obtained the highest rank. | ਇਸ ਨੂੰ ਇਕਰਸ ਸਰਵਣ ਕਰਨ ਦੁਆਰਾ ਮੈਨੂੰ ਮਹਾਨ ਉੱਚਾ ਮਰਤਬਾ ਪ੍ਰਾਪਤ ਹੋਇਆ ਹੈ। |
| ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨ ਪਾਏ ਜੀਉ॥੧॥ | The burning within me is extinguished and my soul is rendered cool on having the sight of the True Guru. | ਸੱਚੇ ਗੁਰਾਂ ਦਾ ਦੀਦਾਰ ਪਾਉਣ ਤੇ ਮੇਰੇ ਅੰਦਰ ਦਾ ਸਾੜਾ ਖਤਮ ਹੋ ਗਿਆ ਹੈ ਅਤੇ ਮੇਰੀ ਆਤਮਾ ਠੰਢੀ ਠਾਰ ਹੋ ਗਈ ਹੈ। |
| ਸੂਖੁ ਭਇਆ ਦੁਖੁ ਦੂਰਿ ਪਰਾਨਾ॥ ਸੰਤ ਰਸਨ ਹਰਿਨਾਮ ਵਖਾਨਾ॥ | When the saints repeat God's Name with their tongue happiness is obtained and sorrow flees far away. | ਜਦ ਸਾਧੂ ਆਪਣੀ ਜੀਭਾ ਨਾਲ ਵਾਹਿਗੁਰੂ ਦੇ ਨਾਮ ਦਾ ਉਚਾਰਣ ਕਰਦੇ ਹਨ ਖੁਸ਼ੀ ਪ੍ਰਾਪਤ ਹੁੰਦੀ ਹੈ, ਅਤੇ ਗਮ ਦੁਰੇਡੇ ਦੌੜ ਜਾਂਦਾ ਹੈ। |
| ਜਲ ਥਲ ਨੀਰਿ ਭਰੇ ਸਰ ਸੁਭਰ ਬਿਰਥਾ ਕੋਇ ਜਾਏ ਜੀਉ॥੨॥ | The sea, dry land and tank are completely filled with the Name water and no place is left empty. | ਸਮੁੰਦਰ, ਸੁਕੀ ਧਰਤੀ ਤੇ ਤਾਲ ਨਾਮ ਦੇ ਪਾਣੀ ਨਾਲ ਪੂਰੀ ਤਰ੍ਹਾਂ ਪੂਰਨ ਹੋ ਗਏ ਹਨ ਅਤੇ ਕੋਈ ਥਾਂ ਖਾਲੀ ਨਹੀਂ ਰਹੀ। |
| ਦਇਆ ਧਾਰੀ ਤਿਨਿ ਸਿਰਜਨਹਾਰੇ॥ ਜੀਅ ਜੰਤ ਸਗਲੇ ਪ੍ਰਤਿਪਾਰੇ॥ | That Creator has showered His benediction and has cherished all the men and lower animals. | ਉਸ ਕਰਤਾਰ ਨੇ ਆਪਣੀ ਰਹਿਮਤ ਨਿਛਾਵਰ ਕੀਤੀ ਹੈ ਅਤੇ ਸਮੂਹ ਇਨਸਾਨ ਤੇ ਨੀਵੇਂ ਜੀਵਾਂ ਦੀ ਪਾਲਣਾ ਪੋਸਣਾ ਕੀਤੀ ਹੈ। |
| ਮਿਹਰਵਾਨ ਕਿਰਪਾਲ ਦਇਆਲਾ ਸਗਲੇ ਤ੍ਰਿਪਤਿ ਅਘਾਏ ਜੀਉ॥੩॥ | The Lord is kind, merciful and compassionate. All are satiated and satisfied through Him. | ਸੁਆਮੀ ਮਇਆਵਾਨ, ਰਹੀਮ ਤੇ ਨਰਮ-ਦਿਲ ਹੈ। ਸਾਰੇ ਉਸ ਦੇ ਰਾਹੀਂ ਰਜਦੇ ਤੇ ਧ੍ਰਾਪਦੇ ਹਨ। |
| ਵਣੁ ਤ੍ਰਿਣੁ ਤ੍ਰਿਭਵਣੁ ਕੀਤੋਨੁ ਹਰਿਆ॥ | The woods, grass blades and the three worlds the Lord has rendered green. | ਜੰਗਲ ਬੇਲੇ, ਘਾਹ ਦੀਆਂ ਤਿੜਾਂ ਤੇ ਤਿੰਨ ਜਹਾਨ ਪ੍ਰਭੂ ਨੇ ਸਰ-ਸਬਜ਼ ਕਰ ਦਿੱਤੇ ਹਨ। |
| ਕਰਣਹਾਰਿ ਖਿਨ ਭੀਤਰਿ ਕਰਿਆ॥ | The Doer in a moment did all this. | ਕਰਨ ਵਾਲੇ ਨੇ ਇੱਕ ਮੁਹਤ ਵਿੱਚ ਇਹ ਸਾਰਾ ਕੁਛ ਕਰ ਦਿੱਤਾ। |
| ਗੁਰਮੁਖਿ ਨਾਨਕ ਤਿਸੈ ਅਰਾਧੇ ਮਨ ਕੀ ਆਸ ਪੁਜਾਏ ਜੀਉ॥੪॥੨੩॥੩੦॥ | Under Guru's instruction, Nanak meditation on Him, who fulfils the heart's desires. | ਗੁਰਾਂ ਦੇ ਉਪਦੇਸ਼ ਤਾਬੇ, ਨਾਨਕ ਉਸ ਦਾ ਸਿਮਰਨ ਕਰਦਾ ਹੈ, ਜੋ ਦਿਲ ਦੀਆਂ ਉਮੀਦਾਂ ਪੂਰਨ ਕਰਦਾ ਹੈ। |

● ● ●

| ਮਾਝ ਮਹਲਾ ੪॥ | Majh, Forth Guru. | ਮਾਝ, ਚਉਥੀ ਪਾਤਿਸ਼ਾਹੀ |
|---|---|---|
| ਹਰਿਗੁਣ ਪੜੀਐ ਹਰਿਗੁਣ ਗੁਣੀਐ॥ | Recite God's glories and God's glories do thou reflect upon. | ਵਾਹਿਗੁਰੂ ਦੀ ਕੀਰਤੀ ਵਾਚ ਅਤੇ ਵਾਹਿਗੁਰੂ ਦੀ ਕੀਰਤੀ ਦਾ ਹੀ ਤੂੰ ਧਿਆਨ ਧਾਰ। |
| ਹਰਿ ਹਰਿ ਨਾਮ ਕਥਾ ਨਿਤ ਸੁਣੀਐ॥ | Ever hearken thou, O' man! The discourse of Lord Master's Name. | ਤੂੰ ਹੇ ਬੰਦੇ! ਸੁਆਮੀ ਮਾਲਕ ਦੇ ਨਾਮ ਦੀ ਸਦੀਵ ਹੀ ਧਰਮ-ਵਾਰਤਾ ਸਰਵਣ ਕਰ। |

| | | |
|---|---|---|
| ਮਿਲਿ ਸਤਸੰਗਤਿ ਹਰਿਗੁਣ ਗਾਏ ਜਗੁ ਭਉਜਲੁ ਦੁਤਰੁ ਤਰੀਐ ਜੀਉ॥੧॥ | By meeting the society of saints and singing God's praises, the arduous and hideous world-ocean is ferried over. | ਸਾਧ-ਸਭਾ ਨਾਲ ਜੁੜਨ ਅਤੇ ਵਾਹਿਗੁਰੂ ਜਾ ਜੱਸ ਗਾਇਨ ਕਰਨ ਦੁਆਰਾ ਕਠਨ ਤੇ ਭੈ-ਦਾਇਕ ਸੰਸਾਰ-ਸਮੁੰਦਰ ਤਰਿਆ ਜਾਂਦਾ ਹੈ। |
| ਆਉ ਸਖੀ ਹਰਿ ਮੇਲੁ ਕਰੇਹਾ॥ | Come my maids! Let us meet our Lord. | ਆਓ ਮੇਰੀਓ ਸਹੇਲੀਓ! ਆਪਾਂ ਆਪਣੇ ਸੁਆਮੀ ਨੂੰ ਮਿਲੀਏ। |
| ਮੇਰੇ ਪ੍ਰੀਤਮ ਕਾ ਮੈ ਦੇਇ ਸਨੇਹਾ॥ | They shall give me the message of my Love. | ਉਹ ਮੈਨੂੰ ਮੇਰੇ ਪਿਆਰੇ ਦਾ ਸੰਦੇਸਾ ਦੇਣਗੀਆਂ। |
| ਮੇਰਾ ਮਿਤ੍ਰੁ ਸਖਾ ਸੋ ਪ੍ਰੀਤਮੁ ਭਾਈ ਮੈ ਦਸੇ ਹਰਿ ਨਰ ਹਰੀਐ ਜੀਉ॥੨॥ | He alone is a friend, comrade, beloved and brother of mine, who shows me the way to the Lionman, the incarnation of God. | ਕੇਵਲ ਉਹੀ ਮੇਰਾ ਸਜਣ, ਸਾਥੀ, ਪਿਆਰਾ ਤੇ ਵੀਰ ਹੈ, ਜੋ ਮੈਨੂੰ ਸ਼ੇਰ-ਮਨੁਸ਼ ਸਰੂਪ ਵਾਹਿਗੁਰੂ ਦਾ ਰਾਹ ਵਿਖਾਲਦਾ ਹੈ। |
| ਮੇਰੀ ਬੇਦਨ ਹਰਿ ਗੁਰੁ ਪੂਰਾ ਜਾਣੈ॥ | My malady the perfect Divine Guru knows. | ਮੇਰੀ ਬੀਮਾਰੀ ਨੂੰ ਪੂਰਨ ਰਬ-ਰੂਪ ਗੁਰੂ ਜੀ ਸਮਝਦੇ ਹਨ। |
| ਹਉ ਹਰਿ ਨ ਸਕਾ ਬਿਨੁ ਨਾਮ ਵਖਾਣੇ॥ | I cannot live without uttering Lord's Name. | ਮੈਂ ਸੁਆਮੀ ਦਾ ਨਾਮ ਉਚਾਰਨ ਕਰਨ ਬਗੈਰ ਬਚ ਨਹੀਂ ਸਕਦਾ। |
| ਮੈ ਅਉਖਧੁ ਮੰਤ੍ਰੁ ਦੀਜੈ ਗੁਰ ਪੂਰੇ ਮੈ ਹਰਿ ਹਰਿ ਨਾਮਿ ਉਧਰੀਐ ਜੀਉ॥੩॥ | Give me the medicine of God's Name, O' my Perfect Guru! It is through Lord God's Name that I swim across. | ਮੈਨੂੰ ਵਾਹਿਗੁਰੂ ਦੇ ਨਾਮ ਦੀ ਦਵਾਈ ਦੇਹ, ਹੇ ਮੇਰੇ ਮੁਕੰਮਲ ਗੁਰਦੇਵ ਜੀ! ਵਾਹਿਗੁਰੂ ਸੁਆਮੀ ਤੇ ਨਾਮ ਰਾਹੀਂ ਹੀ ਮੇਰਾ ਪਾਰ ਉਤਾਰਾ ਹੁੰਦਾ ਹੈ। |
| ਹਮ ਚਾਤ੍ਰਿਕ ਦੀਨ ਸਤਿਗੁਰ ਸਰਣਾਈ॥ | I am a poor piedcuckoo, in the sanctuary of the True Guru. | ਮੈਂ ਗਰੀਬ ਪਪੀਹਾ ਸੱਚੇ ਗੁਰਾਂ ਦੀ ਤਾਏ ਹਾਂ। |
| ਹਰਿ ਹਰਿ ਨਾਮੁ ਬੂੰਦ ਮੁਖਿ ਪਾਈ॥ | The Guru has oozed the drop of the Name of Lord God in my Mouth. | ਗੁਰਾਂ ਨੇ ਵਾਹਿਗੁਰੂ ਸੁਆਮੀ ਦੇ ਨਾਮ ਦੀ ਕਣੀ ਮੇਰੇ ਮੂੰਹ ਵਿੱਚ ਚੋਈ ਹੈ। |
| ਹਰਿ ਜਲਨਿਧਿ ਹਮ ਜਲ ਕੇ ਮੀਨੇ ਜਨ ਨਾਨਕ ਜਲ ਬਿਨੁ ਮਰੀਐ ਜੀਉ॥੪॥੩॥ | God is the treasure of water, and I a fish in that water, Without this water, serf Nanak meets his end. | ਵਾਹਿਗੁਰੂ ਪਾਣੀ ਦਾ ਭੰਡਾਰ ਹੈ ਤੇ ਮੈਂ ਉਸ ਪਾਣੀ ਦੀ ਮੱਛੀ। ਇਸ ਪਾਣੀ ਦੇ ਬਾਝੋਂ ਨਫਰ ਨਾਨਕ ਮਰ ਜਾਂਦਾ ਹੈ। |


*With compliments from*

**Kulvinder Singh**

Phone : (O) 3312440
Resi. : 5721753

**SAWHNEY CLOTH HOUSE**

46, Shanker Market, Connaught Circus, New Delhi - 110 001

# ਸੁਰ ਲਿਪੀਆਂ

## ਰਾਗ ਮਾਝ

### ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ

ਪੰਜਾਬ ਵਿੱਚ ਮਾਝੇ ਦੀ ਲੋਕ ਧੁਨ ਤੋਂ ਮਾਝ ਰਾਗ ਵਿਕਸਿਤ ਹੋਇਆ। ਭਾਰਤੀ ਸੰਗੀਤ ਵਿੱਚ ਇਸ ਰਾਗ ਦਾ ਕਿਤੇ ਵੀ ਕੋਈ ਉਲੇਖ ਨਹੀਂ ਮਿਲਦਾ। ਮਾਝ ਰਾਗ ਭਾਰਤੀ ਸੰਗੀਤ ਨੂੰ ਗੁਰੂ ਸਾਹਿਬਾਨ ਦੀ ਅਨੁਪਮ ਦੇਣ ਹੈ। ਆਤਮਕ ਸਫਰ ਤੈਅ ਕਰਦੀ ਮਾਝ ਵਿੱਚੋਂ ਲੰਘਦੀ, ਆਤਮਾ, ਹੂਕ ਕੱਢਦੀ ਹੈ ਹੇਕ ਲਗਾਉਂਦੀ, ਵਿਛੋੜੇ ਦੀ ਕਸਕ ਮਹਿਸੂਸ ਕਰਦੀ ਹੋਈ "*ਮੇਰਾ ਮਨ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ*" ਦਾ ਵਿਰਲਾਪ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦਾ ਬਾਰਹਮਾਹਾ ਵੀ ਇਸੇ ਰਾਗ ਵਿੱਚ ਹੈ। ਨਿਰੋਲ ਪੰਜਾਬ ਦਾ ਰਾਗ ਹੋਣ ਕਰਕੇ ਇਸ ਵਿੱਚ ਭਗਤਾਂ ਦੀ ਬਾਣੀ ਨਹੀਂ ਹੈ।

**ਆਰੋਹ** : ਸ ਰੇ, ਮ ਪ, ਨੀ ਸਂ। **ਅਵਰੋਹ** : ਸਂ ਨ਼ੀ ਧ ਪ, ਧ ਮ ਗ ਮ, ਰੇ ਪ ਗੁ ਰੇ, ਗੁ ਸ ਰੇ ਨ਼ੀ ਸ।
**ਸੁਰ** : ਦੋਵੇਂ ਗੰਧਾਰ ਦੋਵੇਂ ਨਿਸ਼ਾਦ, ਬਾਕੀ ਸ਼ੁੱਧ ਅਰੋਹ ਵਿੱਚ ਧੈਵਤ ਅਤੇ ਗੰਧਾਰ ਵਰਜਿਤ।
**ਥਾਟ** : ਖਮਾਜ, **ਜਾਤੀ** : ਔੜਵ-ਸੰਪੂਰਨ, **ਵਾਦੀ** : ਰਿਸ਼ਭ, **ਸੰਵਾਦੀ** : ਪੰਚਮ **ਸਮਾਂ** : ਰਾਤ ਦਾ ਪਹਿਲਾ ਪਹਿਰ
**ਮੁਖ ਅੰਗ** : ਪ, ਧ ਮ ਗ ਮ, ਰੇ ਪ, ਮ ਗੁ ਰੇ, ਗੁ ਰੇ ਨ਼ੀ ਸ।
**ਸੁਰ ਵਿਸਥਾਰ** :
1. ਸ ਰੇ ਨ਼ੀ ਨ਼ੀ ਸ, ਨ਼ੀ ਧ਼ ਪ਼ ਪ਼ ਨ਼ੀ ਸ, ਰੇ ਮ ਪ, ਮ ਗੁ ਰੇ, ਪ ਮ ਗੁ ਰੇ, ਰੇ, ਪ ਧ ਮ ਗੁ ਰੇ, ਮ ਗ ਮ, ਰੇ ਪ ਮ ਗੁ ਰੇ, ਗੁ ਸ ਰੇ ਨ਼ੀ ਸ।
2. ਪ ਪ ਧ ਪ, ਮ ਗੁ ਰੇ, ਰੇ ਮ ਪ, ਧ ਮ ਪ ਨੀ ਸਂ, ਗੁਂ ਰੇਂ, ਮਂ ਗੁਂ ਰੇਂ ਗੁਂ ਸਂ ਰੇਂ ਨੀ ਸਂ, ਰੇਂ ਨ਼ੀ ਧ ਪ, ਮ ਪ ਸਂ ਨ਼ੀ ਧ ਪ, ਮ ਗ ਮ, ਰੇ ਪ ਗੁ ਰੇ, ਗੁ ਸ ਰੇ ਨ਼ੀ ਸ।

**ਤੀਨ ਤਾਲ ਪੰਜਾਬੀ ਠੇਕਾ**

| X | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *ਸਥਾਈ :* | | | | | | | | ਰੇਮ | ਪਧ | ਮ | ਪ | ਮਗ | ਮ | ਗੁ | ਰੇ |
| | | | | | | | | *ਅੰs* | *s* | *ਮ੍ਰਿ* | *ਤ* | *ਬਾs* | *s* | *ਣੀ* | *s* |
| ਪ | – | ਗੁਰੇ | ਗੁਸ | ਰੇ | ਨ਼ੀ | ਸ | – | ਸ | ਸ | ਸ | ਰੇ | ਨ਼ੀ | ਧ਼ | ਪ਼ | – |
| *s* | *s* | *ਹਰਿ* | *ਹਰਿ* | *ਤੇ* | *s* | *ਗੀ* | *s* | *ਸੁ* | *ਣਿ* | *ਸੁ* | *ਣਿ* | *ਹੋ* | *s* | *ਵੇ* | *s* |
| – | ਪ਼ਧ਼ | –ਮ਼ | –ਪ਼ | ਨ਼ੀ | – | ਸ | – | ਰੇ | ਰੇ | ਮ | ਪ | ਨੀ(ਸਂ)ਨੀ | | – | – |
| *s* | *ਪਰਮ* | *sਗ* | *sਤਿ* | *ਮੇ* | *s* | *ਗੀ* | *s* | *ਜ* | *ਲ* | *ਨਿ* | *ਬੁ* | *ਝੀs* | *s* | *s* | *s* |
| – | ਸਂ | ਸਂਸਂ | ਸਂ | ਰੇਂ | ਨੀ | ਸਂ | – | ਸਂਸਂ | ਸਂਸਂ | ਰੇਂਰੇਂ | ਰੇਂ | ਨ਼ੀਰੇਂ | ਨ਼ੀ | ਧ | ਪ |
| *s* | *ਸੀ* | *ਤਲੁ* | *ਹੋਇ* | *ਮ* | *ਨੂ* | *ਆ* | *s* | *ss* | *ਸਤਿ* | *ਗੁਰ* | *ਕਾ* | *ਦ* | *ਰ* | *ਸ* | *ਨੁ* |
| ਧਪ | ਮਪ | ਧ | ਪ | ਮਗ | ਮ | ਗੁ | ਰੇ | | | | | | | | |
| *ਪਾs* | *ss* | *ਏ* | *ਜੀ* | *ਉs* | *s* | *s* | *s* | | | | | | | | |
| *ਅੰਤਰਾ :* | | | | | | | | – | ਰੇ | –ਮ | –ਪ | ਨੀ(ਸਂ)ਨੀ | | – | – |
| | | | | | | | | *s* | *ਸੂ* | *sਖ* | *sਭ* | *ਇਆ* | *s* | *s* | *s* |
| – | ਸਂਸਂ | ਸਂ | ਸਂਸਂ | ਰੇਂ | ਨੀ | ਸਂ | – | – | ਰੇਂ | ਰੇਂ | ਪਂ | ਮਂਗਂ | ਮਂ | ਗੁਂ | ਰੇਂ |
| *s* | *ਦੁਖੁ* | *ਦੂ* | *ਰਿਪ* | *ਰਾ* | *s* | *ਨਾ* | *s* | *s* | *ਸੰ* | *ਤ* | *ਰ* | *ਸs* | *ਨ* | *ਹ* | *ਰਿ* |
| – | ਗੁਂਰੇਂ | ਗੁਂ | ਸਂ | ਰੇਂ | ਨੀ | ਸਂ | ਸਂ | – | ਸਂਸਂ | ਸਂ | ਰੇਂ | ਨ਼ੀ | – | ਧ | ਪ |
| *s* | *ਨਾs* | *ਮੁ* | *ਵ* | *ਖਾ* | *s* | *ਨਾ* | *s* | *s* | *ਜਲ* | *ਥ* | *ਲ* | *ਨੀ* | *s* | *ਰਿ* | *ਭ* |
| ਧਪ | ਮਪ | ਧ | ਪ | ਮਗ | ਮ | ਗੁ | ਰੇ | – | ਰੇਰੇ | ਮ | ਪ | ਨੀ | ਨੀ | ਸਂ | ਸਂ |
| *ਰੇs* | *ss* | *ਸ* | *ਰ* | *ਸੁs* | *s* | *ਭ* | *ਰ* | *s* | *ਬਿਰ* | *ਥਾ* | *s* | *ਕੋ* | *s* | *ਇ* | *ਨ* |
| ਸਂਰੇਂ | ਸਂਨ਼ੀ | ਧ | ਪ | ਪਨ਼ੀ | ਧਪ | ਮਗ | ਮਰੇ | | | | | | | | |
| *ਜਾs* | *ss* | *ਏ* | *ਜੀ* | *ਉs* | *ss* | *ss* | *ss* | | | | | | | | |

# ਰਾਗ ਮਾਝ

ਸ. ਜਸਵੰਤ ਸਿੰਘ ਭੰਵਰਾ

ਏਕ ਤਾਲ (ਮਾਤ੍ਰਾ-12)

| X | | 0 | | 2 | | 0 | | 3 | | 4 | |
|---|---|---|---|---|---|---|---|---|---|---|---|
| *ਸਥਾਈ :* | | | | | | | | | | | |
| ਰੇ | ਪ | ਮ | ਪ | ਗ | ਮ | ਰੇ | ਗੁ | ਸ | ਰੇ | ਨ਼ੀ | ਸ |
| *ਆ* | *ਉ* | *ਸ* | *ਖੀ* | *ਹ* | *ਰਿ* | *ਮੇ* | *s* | *ਲ* | *ਕ* | *ਰੇ* | *ਹਾ* |
| ਸਂ | ਸਂਨ੍ਹੀ | ਧ | ਪ | ਮਗ | ਮ | ਰੇ | ਪ | ਗੁਰੇ | ਸਰੇ | ਨ਼ੀ | ਸ |
| *ਮੇ* | *ਰੇs* | *ਪ੍ਰੀ* | *ਤਮ* | *ਕਾs* | *ਮੈ* | *ਦੇ* | *s* | *ss* | *sਸ* | *ਨੇ* | *ਹਾ* |
| ਮ | ਪ | ਨੀਸਂ | ਰੇਂ | ਰੇਂ | ਰੇਂ | ਸਂਨੀ | ਸਂ | ਸਂ | ਨ੍ਹੀਧ | ਪ | ਪ |
| *ਹਰਿ* | *ਗੁ* | *ਣs* | *ਪੜੀ* | *ਐ* | *s* | *ਹਰਿ* | *ਗੁ* | *ਣ* | *ਗੁਣੀ* | *ਐ* | *s* |
| ਪਨ੍ਹੀ | ਧ | ਪ | ਮਗ | ਮ | ਮ | ਰੇ | ਪ | ਗੁਰੇ | ਸਰੇ | ਨ਼ੀ | ਸ |
| *ਹਰਿ* | *ਹ* | *ਰਿ* | *ਨਾs* | *ਮs* | *ਕ* | *ਥਾ* | *ਨਿs* | *ਤs* | *ਸੁਣੀ* | *ਐ* | *s* |
| ਮ | ਪ | ਨੀਸਂ | ਰੇਂ | ਰੇਂ | ਰੇਂ | ਸਂਨੀ | ਸਂ | ਸਂ | ਨ੍ਹੀਧ | ਪ | ਪ |
| *ਮਿਲਿ* | *ਸ* | *ਤਿs* | *ਸੰ* | *ਗ* | *ਤਿ* | *ਹਰਿ* | *ਗੁ* | *ਣ* | *ਗਾs* | *ਏ* | *s* |
| ਪਨੀ | ਧ | ਪ | ਮਗ | ਮ | ਮ | ਰੇਪ | ਗੁਰੇ | ਸਰੇ | ਨ਼ੀ | ਸ | ਸ |
| *ਜਗੁ* | *ਭਉ* | *ਜਲ* | *ਦੁs* | *ਤ* | *ਰ* | *ਤਰੀ* | *ਐs* | *ss* | *ਜੀ* | *ਉ* | *s* |

## Power of Money

We all think that money has power.

We also believe that money can bring happiness. That is why through our life we struggle to earn money. But can money really give happiness?

Gurbani reminds us :

"ਸੁਖੁ ਨਾਹੀ ਬਹੁਤੇ ਧਨਿ ਖਾਟੇ" (1147)

Which means that even if we have a lot of money we can not get real happiness. We may not believe in this line of Gurbani. Let us look at the people of the world. And let us ask the following questions :

Is every rich person happy?

Is every rich person healthy?

Is every rich person without any tension?

Did our Gurus collect wealth for their personal use?

If we find that money can not give happiness than how do we get happiness?

Gurbani Provides us the answer-

"ਸਰਬ ਸੁਖਾ ਹਰਿ ਹਰਿ ਗੁਣ ਗਾਏ" (1147)

True happiness is obtained by NAAM SIMRAN.

NAAM SIMRAN can project us everywhere and every time.

NAAM SIMRAN can not be robbed from us.

Though money can be robbed.

We Should try to spend more time to collect NAAM SIMRAN.

This is the way to get.

Everlasting Happiness!

Satnam Kaur, Mumbai

# "ALP - THE MARK OF QUALITY"

*A joint venture with Nishikawa Rubber Company of Japan*
*(World leading company in EPDM weathstrips)*



## QUALITY SEALS FOR GLOBAL MARKET

**Manufactuers of specialised EPDM rubber, sponge and flock products for the automotive original equipment and building markets**

*UNDER THE BRAND NAME OF ALP, WE MANUFACTURE*

- Flocked / PU Coated Glass Run Channels
- Celluar Profiles with Nylon Inserts
- PVC Trims
- Bus Body Building Profiles
- Windshield Rubber
- Co-extrubed Profiles / Trims
- PVC Sponge Seals
- Building Profiles

The profiles comply with the most advanced international standards. Some of our esteemed customers are GM, Toyota, Lancer Mitsubishi, Honda Daewoo, Suzuki, Telco.

ALP

ANAND NISHIKAWA COMPANY LIMITED

**An ISO 9002 Company**
C- 10, Sector : 1, NOIDA (U.P.)
**Phone :** 0118 - 556528
**email :** anco.lalru@rmc.sprint.rpg.ems.vsnl.net.in
**Visit us at :** htto://wwwaindiannauto.com/alp

# Farmers Are Our Companions of Growth



# Towards A Global Future.

After harnessing for years India's burgeoning green revolution and moving towards self-sufficiency in fertiliser production, IFFCO has emerged as the world leader in the realm of production and marketing of nitrogenous and phosphatic fertilisers.

Through its more than three decades of journey towards farmers prosperity, IFFCO has become the unchallenged leader in fertiliser production.

IFFCO's comprehensive growth plan 'Vision 2000' has already been relised through its relentless endeavour for excellence, by expansion of Aonla, Phulpur, Kalol and Kandla plants within the approved costs and ahead of schedule.

To reach still greater heights, IFFCO has now formulated another five year plan 'Mission 2005' to augment growth, by enhancing production capacity, setting up grassroot level plants, establishing joint ventures abroad, diversification plans and strengthening the Coopreative Movements at every level.

IFFCO has signed MOU with the Tokio Marine and Fire Insurance company Ltd. Of Japan with a view to enter into general insurance sector.

IFFCO

**INDIAN FARMERS FERTILISER COOPERATIVE LIMITED**

34, Nehru Place, New Delhi - 110 019

**Visit our Website at : http://www.iffco.nic.in**

Fertilising Growth